20

# ਤੁਸੀਂ ਯਿਸੂ ਨੂੰ ਕੀ ਕਰੋਗੇ?

ਐਨਾ ਵਿਸ਼ਾਲ ਅਤੇ ਗੁੰਝਲਦਾਰ ਹੋਣ ਦੇ ਬਾਵਜੂਦ, ਬਾਈਬਲ ਦੇ ਮੁਤਾਬਕ ਇਹ ਸੰਸਾਰ ਅਨੰਤ ਕਾਲ ਵਿਚ ਰਹਿਣ ਲਈ ਸਿਰਫ਼ ਸਾਡੀ ਤਿਆਰੀ ਦੀ ਥਾਂ ਹੀ ਹੈ। ਇਸ ਕਰਕੇ ਜ਼ਿੰਦਗੀ ਇੱਥੇ ਇਕ ਛੋਟੀ ਜਿਹੀ ਸ਼ੁਰੂਆਤ ਹੀ ਹੈ। ਹਰ ਮਨੁੱਖੀ ਜੀਵ ਇਕ ਜ਼ਿੰਦਾ ਜਾਨ ਹੈ, ਜਿਸਦਾ ਇਸ ਸੰਸਾਰ ਦੇ ਬਾਅਦ ਸਵਰਗ ਜਾਂ ਨਰਕ ਵਿਚ ਜਾਣਾ ਤੈਅ ਹੈ। ਨਵਾਂ ਨੇਮ ਸਾਡੇ ਲਈ ਅਬਦੀ ਜੀਵਨ ਅਤੇ ਅਬਦੀ ਵਿਨਾਸ਼ ਦਾ ਵਰਣਨ ਕਰਦਾ ਹੈ (ਮੱਤੀ 25:46)। ਇਹ ਦੱਸਦਾ ਹੈ ਕਿ ਇਸ ਦੇ ਬਾਅਦ ਇਨ੍ਹਾਂ ਦੋਹਾਂ ਥਾਂਵਾਂ ਦੇ ਵਿਚਲਾ ਕੋਈ ਥਾਂ ਨਹੀਂ ਹੈ। ਮੌਤ ਸਮੇਂ ਜਾਂ ਯਿਸੂ ਦੀ ਵਾਪਸੀ ਦੇ ਸਮੇਂ ਤੋਂ, ਸਭ ਲੋਕ ਜੀਉਂਦੇ ਹੋਣ ਜਾਂ ਮੋਏ-ਆਪਣੀ ਪੱਕੀ ਰਿਹਾਇਸ਼ ਵਿਚ ਜਾਣਗੇ ਅਤੇ ਹਮੇਸ਼ਾ ਤਕ ਉੱਥੇ ਰਹਿਣਗੇ। ਕਿੰਨਾ ਸੰਜੀਦਗੀ ਭਰਿਆ ਵਿਚਾਰ ਹੈ! ਜੋ ਕੁਝ ਯਿਸੂ ਨਾਲ ਅਸੀਂ ਕਰਦੇ ਹਾਂ ਉਹਦਾ ਅਸਰ ਅਨੰਤਕਾਲਿਕ ਭਾਵ ਹਮੇਸ਼ਾ ਲਈ ਹੁੰਦਾ ਹੈ। ਅਸੀਂ ਤੁਹਾਨੂੰ ਇਹ ਫ਼ੈਸਲਾ ਲੈਣ ਦੀ ਬੇਨਤੀ ਕਰਦੇ ਹਾਂ ਕਿ ਤੁਸੀਂ ਮਸੀਹ ਨੂੰ ਮੁਕਤੀਦਾਤਾ ਮੰਨ ਲਓ ਅਤੇ ਮਸੀਹ ਲਈ ਜੀਉਣਾ ਸ਼ੁਰੂ ਕਰ ਦਿਓ ਤਾਂ ਜੋ ਤੁਹਾਨੂੰ ਭਰਪੂਰੀ ਦਾ ਜੀਵਨ ਹੁਣ (ਯੂਹੰਨਾ 10:10) ਅਤੇ ਆਉਣ ਵਾਲੇ ਸੰਸਾਰ ਵਿਚ ਅਨੰਤ ਜੀਵਨ ਮਿਲੇ (1 ਯੂਹੰਨਾ 2:25)।

ਤੁਸੀਂ ਉੱਤਮ ਜੀਵਨ ਦੀ ਖੋਜ ਭਾਵ ਬਾਈਬਲ ਵਿਚ ਦੱਸੇ ਮੁਤਾਬਕ ''ਕਲੀਸੀਆ'' ਦੇ ਵਿਸ਼ਵਾਸੀ ਲੋਕ ਬਣਨ ਦੇ ਇਸ ਅਧਿਐਨ ਦੇ ਆਖ਼ਰੀ ਪੜਾਅ ਤੇ ਪੁੱਜ ਗਏ ਹੋ। ਪ੍ਰਮੇਸ਼ਵਰ ਦੇ ਪੁੱਤਰ ਯਿਸੂ ਮਸੀਹ ਨੇ ਇਸ ਸੰਸਾਰ ਵਿਚ ਆ ਕੇ ਆਪਣੇ ਜੀਵਨ ਅਤੇ ਸਿੱਖਿਆਵਾਂ ਅਤੇ ਪ੍ਰੇਮ ਨਾਲ ਇਹ ਵਿਖਾਉਂਦੇ ਹੋਏ ਕਿ ਪ੍ਰਮੇਸ਼ਵਰ ਕਿਹੋ ਜਿਹਾ ਹੈ ਅਤੇ ਉਹਦੀ ਇੱਛਾ ਕੀ ਹੈ, ਆਪਣੀ ਸੰਖੇਪ ਜਿਹੀ ਪਛਾਣ ਕਰਾਈ ਹੈ। ਉਹ ਸਾਡੇ ਪਾਪਾਂ ਲਈ ਸਲੀਬ ਤੇ ਮਰਿਆ ਜਿਸ ਨਾਲ ਹਰ ਇਕ ਲਈ ਜੋ ਮੁਕਤੀ ਦੇ ਉਹਦੇ ਸੰਦੇਸ਼ ਨੂੰ ਮੰਨਦਾ ਹੈ ਪ੍ਰਮੇਸ਼ਵਰ ਦੀ ਸੰਤਾਨ ਬਣਨਾ ਅਤੇ ਸੰਤਾਨ ਬਣ ਕੇ ਜੀਉਣਾ ਸੰਭਵ ਹੋ ਸਕੇ। ਤੁਸੀਂ ਬੜੇ ਗੌਰ ਨਾਲ ਉਸ ਕਲੀਸੀਆ ਦੇ ਸੁਭਾਅ ਨੂੰ ਵੀ ਜਾਣਿਆ ਹੈ ਜੋ ਉਹਦੇ ਜੀਵਨ ਅਤੇ ਮੌਤ ਦੀ ਵਜ੍ਹਾ ਨਾਲ ਹੋਂਦ ਵਿਚ ਆਈ ਅਤੇ ਕਾਇਮ ਰਹਿੰਦੀ ਹੈ। ਤੁਸੀਂ ਵੇਖਿਆ ਕਿ ਕਲੀਸੀਆ ਵਿਚ ਕਿਵੇਂ ਰਿਹਾ ਜਾ ਸਕਦਾ ਹੈ ਅਤੇ ਇਸ ਸੰਸਾਰ ਵਿਚ ਕਲੀਸੀਆ ਦੇ ਰੂਪ ਵਿਚ ਕਿਵੇਂ ਰਿਹਾ ਜਾਂਦਾ ਹੈ। ਹੁਣ ਤੁਸੀਂ ਇਕ ਅਹਿਮ ਸਵਾਲ ਤੇ ਭਾਵ ਇਕ ਬਹੁਤ ਹੀ ਗੰਭੀਰ ਸਵਾਲ ਤੇ ਆ ਚੁੱਕੇ ਹੋ ਜੋ ਸ਼ਾਇਦ ਹੀ ਤੁਸੀਂ ਪਹਿਲਾਂ ਕਦੀ ਵਿਚਾਰਿਆ ਹੋਵੇ। ਉਹ ਸਵਾਲ ਹੈ, ਕਿ ''ਮੈਂ ਯਿਸੂ ਨੂੰ ਕੀ ਕਰਾਂ?''

ਹਰ ਮਸੀਹੀ ਦੀ ਸੱਚੇ ਮਨੋਂ ਦੁਆ ਅਤੇ ਪੱਕੀ ਆਸ ਹੈ ਕਿ ਤੁਸੀਂ ਆਪਣੇ ਮਨ ਵਿਚ ਮਸੀਹੀ ਬਣਨ ਦੀ ਧਾਰ ਲਵੋ ਅਤੇ ਬਾਕੀ ਜ਼ਿੰਦਗੀ ਮਸੀਹ ਦੇ ਚੇਲੇ ਬਣ ਕੇ ਗੁਜ਼ਾਰੋ। ਅਧਿਐਨ

ਕਰਦਿਆਂ ਹੋ ਸਕਦਾ ਹੈ ਕਿ ਤੁਸੀਂ ਪਹਿਲਾਂ ਵੀ ਮਨ ਵਿਚ ਸੋਚਿਆ ਹੋਵੇ, ''ਮੈਂ ਮਸੀਹੀ ਬਣਨਾ ਚਾਹੁੰਦਾ ਹਾਂ।'' ਹੋ ਸਕਦਾ ਹੈ ਕਿ ਤੁਸੀਂ ਸੋਚਿਆ ਹੋਵੇ ਕਿ ਮਸੀਹੀ ਬਣਨ ਲਈ ਮੇਰੇ ਮਨ ਵਿਚ ਕੁਝ ਸਵਾਲ ਹਨ, ਜੇ ਮੈਨੂੰ ਪਹਿਲਾਂ ਉਨ੍ਹਾਂ ਸਵਾਲਾਂ ਦਾ ਜਵਾਬ ਮਿਲ ਜਾਵੇ, ਤਾਂ ਮੈਂ ਮਸੀਹੀ ਬਣ ਜਾਵਾਂਗਾ।

ਜੇ ਤੁਸੀਂ ਸਵਾਲ ਪੁੱਛ ਰਹੇ ਹੋ ਤਾਂ ਇਸ ਕਿਤਾਬ ਦੇ ਬਾਕੀ ਹਿੱਸੇ ਨੂੰ ਧਿਆਨ ਨਾਲ ਪੜ੍ਹੋ ਨਾਲੇ, ਹੇਠਾਂ ਕੁਝ ਕਦਮ ਦੱਸੇ ਗਏ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਮਸੀਹੀ ਬਣਨ ਲਈ ਅਤੇ ਮਸੀਹੀ ਬਣ ਕੇ ਜੀਣ ਦੀ ਤੁਹਾਡੀ ਇੱਛਾ ਨੂੰ ਪੂਰਾ ਕਰਨ ਲਈ ਕੀ ਜ਼ਰੂਰੀ ਹੈ।

## ਕਦਮ ਇਕ: ਮੁਕਤੀ

ਯਕੀਨਨ ਮਸੀਹੀ ਬਣਨ ਲਈ, ਪਹਿਲਾ ਕਦਮ ਚੁੱਕਣਾ ਜ਼ਰੂਰੀ ਹੈ। ਸੰਸਾਰ ਵਿਚ ਕੋਈ ਵੀ ਮਨੁੱਖ, ਭਾਵੇਂ ਉਹ ਕਿਤੇ ਵੀ ਰਹਿੰਦਾ ਹੋਵੇ, ਮਸੀਹੀ ਬਣ ਸਕਦਾ ਹੈ ਜੇ ਉਹ ਮਸੀਹ ਵਿਚ ਵਿਸ਼ਵਾਸ ਕਰਕੇ (ਯੂਹੰਨਾ 8:24), ਤੌਬਾ ਕਰੇ (ਆਪਣੇ ਪਾਪਾਂ ਤੋਂ ਮੁੜੇ; ਰਸੂਲਾਂ ਦੇ ਕੰਮ 17:30), ਯਿਸੂ ਨੂੰ ਆਪਣੇ ਮੂੰਹੋਂ ਮਸੀਹ ਮੰਨੇ (ਰੋਮੀਆਂ 10:10), ਅਤੇ ਆਪਣੇ ਪਾਪਾਂ ਦੀ ਮਾਫ਼ੀ ਲਈ ਮਸੀਹ ਵਿਚ ਬਪਤਿਸਮਾ ਲਵੇ (ਰਸੂਲਾਂ ਦੇ ਕੰਮ 2:38)।

ਆਓ ਹੁਣ ਉਨ੍ਹਾਂ ਕੁਝ ਸਵਾਲਾਂ ਦਾ ਜਵਾਬ ਦੇਈਏ ਜਿਹੜੇ ਤੁਸੀਂ ਪੁੱਛ ਸਕਦੇ ਹੋ:

**''ਬੱਚਿਆਂ ਬਾਰੇ ਕੀ ਵਿਚਾਰ ਹੈ?''**

ਨਵੇਂ ਨੇਮ ਵਿਚ ਕਿਤੇ ਵੀ ਨਵਜੰਮੇ ਜਾਂ ਛੋਟੇ ਬੱਚਿਆਂ ਦੇ ਬਪਤਿਸਮੇ ਦਾ ਜ਼ਿਕਰ ਨਹੀਂ ਹੈ। ਉਨ੍ਹਾਂ ਨੂੰ ਬਪਤਿਸਮਾ ਲੈਣ ਦੀ ਲੋੜ ਨਹੀਂ ਹੈ, ਕਿਉਂਕਿ ਪ੍ਰਭੂ ਦੀ ਨਜ਼ਰ ਵਿਚ ਆਪਣੇ ਭੋਲੇਪਣ ਕਾਰਣ ਉਹ ਸੁਰੱਖਿਅਤ ਹਨ। ਉਹ ਸਹੀ ਅਤੇ ਗਲਤ ਦੀ ਪਛਾਣ ਨਹੀਂ ਕਰ ਸਕਦੇ, ਇਸ ਲਈ ਪ੍ਰਮੇਸ਼ਵਰ ਸਾਹਮਣੇ ਉਹ ਜਵਾਬਦੇਹ ਨਹੀਂ ਹਨ। ਜਦ ਉਨ੍ਹਾਂ ਨੂੰ ਸਮਝ ਆ ਜਾਂਦੀ ਹੈ ਕਿ ਪ੍ਰਭੂ ਉਨ੍ਹਾਂ ਤੋਂ ਕੀ ਚਾਹੁੰਦਾ ਹੈ, ਤਾਂ ਉਨ੍ਹਾਂ ਲਈ ਪ੍ਰਭੂ ਦੇ ਮੁਕਤੀ ਦੇ ਢੰਗ ਨੂੰ ਮੰਨ ਕੇ ਮਸੀਹੀ ਬਣਨਾ ਜ਼ਰੂਰੀ ਹੈ (ਹੋਰਨਾਂ ਸਭਨਾਂ ਵਾਂਗ)। ਪਰ ਆਪਣੇ ਭੋਲੇਪਣ ਵਿਚ, ਉਹ ਪ੍ਰਮੇਸ਼ਵਰ ਦੇ ਸਾਹਮਣੇ ਸੁਰੱਖਿਅਤ ਹਨ, ਕਿਉਂਕਿ ਉਨ੍ਹਾਂ ਨੇ ਕੋਈ ਪਾਪ ਨਹੀਂ ਕੀਤਾ ਹੈ। ਮਨ ਨਾਲ ਸਮਝਣ ਦੀ ਉਨ੍ਹਾਂ ਦੀ ਚਾਹ, ਅਗਵਾਈ ਕਰਨ ਵਾਲਿਆਂ ਤੇ ਉਨ੍ਹਾਂ ਦਾ ਪੂਰਾ ਭਰੋਸਾ, ਉਨ੍ਹਾਂ ਤੇ ਉਨ੍ਹਾਂ ਦਾ ਯਕੀਨ ਅਤੇ ਸਿੱਖਿਆ ਲੈਣ ਦਾ ਗੁਣ ਇਕ ਅਜਿਹੀ ਉਦਾਹਰਣ ਹੈ ਜਿਸ ਦੀ ਨਕਲ ਵੱਡਿਆਂ ਨੂੰ ਕਰਨ ਦੀ ਲੋੜ ਹੈ (ਮੱਤੀ 18:3)। ਬੱਚਿਆਂ ਬਾਰੇ ਪ੍ਰਭੂ ਯਿਸੂ ਨੇ ਕਿਹਾ ਸੀ, ''ਸਵਰਗ ਦਾ ਰਾਜ ਇਹੋ ਜਿਹਿਆਂ ਦਾ ਹੈ'' (ਮੱਤੀ 19:14)।

ਜਵਾਨ ਜਾਂ ਬਾਲਗ ਹੋਣ ਕਰਕੇ ਜਿਸ ਨੂੰ ਮੁਕਤੀ ਜਾਂ ਨਜਾਤ ਦੇ ਢੰਗ ਦਾ ਪਤਾ ਹੈ, ਜਿਸ ਨੂੰ ਪਤਾ ਹੈ ਕਿ ਉਸ ਨੇ ਪ੍ਰਮੇਸ਼ਵਰ ਦੇ ਸਾਹਮਣੇ ਪਾਪ ਕੀਤਾ ਹੈ ਅਤੇ ਜਿਸ ਨੂੰ ਪਤਾ ਹੈ ਕਿ ਬਚਾਏ ਜਾਣ ਲਈ ਮਸੀਹੀ ਬਣਨਾ ਜ਼ਰੂਰੀ ਹੈ, ਤੁਹਾਡੇ ਲਈ ਮੁਕਤੀ ਦੀ ਪ੍ਰਭੂ ਦੀ ਯੋਜਨਾ ਨੂੰ ਮੰਨਣਾ ਜ਼ਰੂਰੀ ਹੈ।

**''ਮੈਂ ਕੀ ਕਰਾਂ?''**

ਮੁਤਾਲਿਆਂ (ਅਧਿਐਨਾਂ) ਵਿਚ, ਤੁਸੀਂ ਵੇਖਿਆ ਹੈ ਕਿ ਇਕ ਮਸੀਹੀ ਕਿਵੇਂ ਬਣਨਾ ਹੈ। ਤੁਸੀਂ ਯਿਸੂ ਦੇ ਪ੍ਰਮੇਸ਼ਵਰ ਦਾ ਪੁੱਤਰ ਹੋਣ ਦੀ ਪਵਿੱਤਰ ਬਾਈਬਲ ਦੇ ਪ੍ਰਮਾਣ ਅਤੇ ਗਵਾਹੀ ਨੂੰ ਮੰਨ ਕੇ ਮਸੀਹੀ ਬਣ ਸਕਦੇ ਹੋ। ਸੰਸਾਰ ਦੀ ਇੱਕੋ ਇਕ ਪੂਰੀ ਤਰ੍ਹਾਂ ਨਾਲ ਮੁਕੰਮਲ ਕਿਤਾਬ,

ਬਾਈਬਲ ਨੇ ਤੁਹਾਨੂੰ ਦੱਸ ਦਿੱਤਾ ਹੈ ਕਿ ਯਿਸੂ ਕੌਣ ਹੈ ਅਤੇ ਉਹ ਸੰਸਾਰ ਵਿਚ ਕਿਉਂ ਆਇਆ। ਤੁਸੀਂ ਉਹਦੇ ਸੰਦੇਸ਼ ਨੂੰ ਮੰਨਦੇ ਹੋ? ਜੇ ਹਾਂ, ਤਾਂ ਤੁਸੀਂ ਇਹ ਵਿਸ਼ਵਾਸ ਕਰਨ ਲੱਗ ਪਏ ਹੋ ਕਿ ਯਿਸੂ ਮਸੀਹ ਹੀ ਪ੍ਰਮੇਸ਼ਵਰ ਦਾ ਪੁੱਤਰ ਹੈ ਜੋ ਤੁਹਾਨੂੰ ਤੁਹਾਡੇ ਪਾਪਾਂ ਤੋਂ ਬਚਾਉਣ ਅਤੇ ਪ੍ਰਮੇਸ਼ਵਰ ਦੀ ਸੰਤਾਨ ਬਣਾਉਣਾ ਸੰਭਵ ਕਰਨ ਲਈ ਸਲੀਬ ਤੇ ਮਰਨ ਲਈ ਦੁਨੀਆਂ ਵਿਚ ਆਇਆ।

ਤੁਹਾਨੂੰ ਆਪਣੇ ਆਪ ਤੋਂ ਇਹ ਵੀ ਪੁੱਛਣਾ ਚਾਹੀਦਾ ਹੈ ਕਿ ''ਕੀ ਮੈਂ ਆਪਣੇ ਪਾਪਾਂ ਤੋਂ ਮੁੜ ਗਿਆ ਹਾਂ?'' ਧਰਤੀ ਤੇ ਰਹਿੰਦਿਆਂ ਤੁਸੀਂ ਕਦੇ ਸੰਪੂਰਣ ਜਾਂ ਸਿੱਧ ਨਹੀਂ ਹੋ ਸਕਦੇ, ਪਰ ਤੌਬਾ ਕਰਕੇ ਤੁਸੀਂ ਆਪਣੇ ਜੀਵਨ ਚੋਂ ਪਾਪ ਨੂੰ ਕੱਢ ਕੇ ਅਤੇ ਸੰਜੀਦਗੀ ਨਾਲ ਪ੍ਰਭੂ ਦੇ ਵਚਨ ਮੁਤਾਬਕ ਚੱਲਣ ਦਾ ਤਹੱਈਆ ਕਰਦੇ ਹੋ। ਸੱਚੇ ਮਨੋਂ ਤੌਬਾ ਕਰਨ ਦੇ ਬਾਅਦ ਯਿਸੂ ਤੁਹਾਡਾ ਪ੍ਰਭੂ ਹੋਵੇਗਾ ਅਤੇ ਬਾਈਬਲ ਤੁਹਾਡੇ ਲਈ ਅਗਵਾਈ ਕਰਨ ਵਾਲੀ ਕਿਤਾਬ, ਜਿਸ ਤੋਂ ਤੁਹਾਨੂੰ ਰਹਿਨੁਮਾਈ ਮਿਲੇਗੀ।

ਇਹਦੇ ਬਾਅਦ ਤੁਹਾਨੂੰ ਕਿਸੇ ਐਸੇ ਸ਼ਖ਼ਸ ਨੂੰ ਲੱਭਣਾ ਪਵੇਗਾ ਜੋ ਤੁਹਾਨੂੰ ਤੁਹਾਡੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਦੇ ਸਕੇ। ਹੋ ਸਕਦਾ ਹੈ ਕਿ ਤੁਹਾਡੇ ਇਲਾਕੇ ਵਿਚ ਮਸੀਹ ਦੀ ਕਲੀਸੀਆ ਹੋਵੇ। ਜੇ ਹੈ ਤਾਂ ਉਸ ਕਲੀਸੀਆ ਦੇ ਕਿਸੇ ਆਦਮੀ ਨਾਲ ਮਿਲੋ ਅਤੇ ਉਸ ਨੂੰ ਕਹੋ। ਕਿਸੇ ਮਸੀਹੀ ਆਦਮੀ ਨੂੰ ਤੁਹਾਨੂੰ ਬਪਤਿਸਮਾ ਦੇਣ ਲਈ। ਤੁਸੀਂ ਉਸ ਮਸੀਹੀ ਆਦਮੀ ਨੂੰ ਦੱਸੋ ਕਿ ਤੁਸੀਂ ਦੂਸਰੇ ਲੋਕਾਂ ਦੇ ਸਾਹਮਣੇ ਮਸੀਹੀ ਬਣਨ ਦਾ ਇਕਰਾਰ ਕਰਨਾ ਚਾਹੁੰਦੇ ਹੋ ਅਤੇ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਨੂੰ ਪਾਪਾਂ ਦੀ ਮਾਫ਼ੀ ਲਈ ਮਸੀਹ ਵਿਚ ਬਪਤਿਸਮਾ ਦੇਵੇ। ਤੁਹਾਡੀ ਮਦਦ ਕਰਨ ਵਿਚ ਉਹਨੂੰ ਖੁਸ਼ੀ ਹੋਵੇਗੀ।

**''ਮੈਂ ਮਸੀਹ ਦੀ ਕਲੀਸੀਆ ਨੂੰ ਕਿਵੇਂ ਲੱਭ ਸਕਦਾ ਹਾਂ?''**

ਮੌਜੂਦਾ ਧਾਰਮਿਕ ਉਲਝਣ ਵਿਚ ਇਹ ਯਕੀਨੀ ਬਣਾਓ ਕਿ ਤੁਸੀਂ ਲੋਕਾਂ ਦੇ ਉਸ ਸਮੂਹ ਨਾਲ ਮਿਲੇ ਹੋ ਜੋ ਪ੍ਰਭੂ ਦੀ ਕਲੀਸੀਆ ਵਿਚ ਆ ਚੁੱਕੇ ਹਨ ਅਤੇ ਪ੍ਰਭੂ ਦੀ ਕਲੀਸੀਆ ਵਿਚ ਰਹਿ ਰਹੇ ਹਨ। ਇਹ ਦੱਸਣ ਦਾ ਇਕ ਤਰੀਕਾ ਇਹ ਧਿਆਨ ਦੇਣਾ ਹੈ ਕਿ ਉਹ ਕੀ ਅਖਵਾਉਂਦੇ ਹਨ। ਉਹ ਆਪਣੇ ਆਪ ਨੂੰ ਮਸੀਹ ਦੀ ਕਲੀਸੀਆ ਅਖਵਾਉਣਗੇ ਅਤੇ ਆਪਣੇ ਆਪ ਨੂੰ ਕਲੀਸੀਆ ਲਈ ਬਾਈਬਲ ਵਿਚ ਮਿਲਣ ਵਾਲੇ ਹੋਰ ਨਾਂਵਾਂ ਨਾਲ ਸਦਾਉਣਗੇ। ਜੇ ਤੁਸੀਂ ਵੇਖਦੇ ਹੋ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਕੋਈ ਅਜਿਹਾ ਨਾਮ ਦਿੱਤਾ ਹੈ ਜਿਹੜਾ ਕਲੀਸੀਆ ਲਈ ਬਾਈਬਲ ਵਿਚ ਨਹੀਂ ਦਿੱਤਾ ਗਿਆ, ਤਾਂ ਇਹ ਇਕ ਇਸ਼ਾਰਾ ਹੈ ਕਿ ਉਹ ਕਿਸੇ ਡਿਨੋਮਿਨੇਸ਼ਨ ਦੇ ਲੋਕ ਹਨ ਅਤੇ ਇਸ ਲਈ ਪ੍ਰਭੂ ਦੀ ਕਲੀਸੀਆ ਨਾਲੋਂ ਅਲਹਿਦਾ ਅਤੇ ਫ਼ਰਕ ਹਨ।

ਇਕ ਹੋਰ ਤਰੀਕਾ ਹੈ ਜਿਹਦੇ ਨਾਲ ਤੁਸੀਂ ਵੇਖ ਦੇ ਦੱਸ ਸਕਦੇ ਹੋ ਕਿ ਕੋਈ ਸਮੂਹ ਮਸੀਹ ਦੀ ਕਲੀਸੀਆ ਹੈ ਜਾਂ ਉਹ ਪ੍ਰਮੇਸ਼ਵਰ ਦੇ ਵਚਨ ਨੂੰ ਮੰਨ ਰਹੇ ਹਨ ਕਿ ਨਹੀਂ। ਉਨ੍ਹਾਂ ਦੇ ਮਨਸੂਬਿਆਂ ਅਤੇ ਇਰਾਦਿਆਂ ਦਾ ਪਤਾ ਲਾਉਣ ਲਈ ਤੁਸੀਂ ਇਹ ਸਵਾਲ ਪੁੱਛ ਸਕਦੇ ਹੋਃ

- ਕੀ ਤੁਸੀਂ ਸਿਰਫ਼ ਨਵੇਂ ਨੇਮ ਦੀ ਕਲੀਸੀਆ ਬਣਨ ਦੀ ਕੋਸ਼ਿਸ਼ ਕਰ ਰਹੇ ਹੋ?
- ਕੀ ਤੁਸੀਂ ਸਮਾਜ ਵਿਚ ਪ੍ਰੇਮ, ਦਇਆ, ਏਕਤਾ, ਤਰਸ ਨਾਲ ਸੇਵਾ ਕਰਦੇ ਹੋ?
- ਐਤਵਾਰ ਨੂੰ ਇਕੱਠੇ ਹੋਣ ਤੇ ਤੁਹਾਡੀ ਬੰਦਗੀ ਕਿਵੇਂ ਹੁੰਦੀ ਹੈ?
- ਕੀ ਤੁਸੀਂ ਹਰ ਹਫ਼ਤੇ ਦੇ ਪਹਿਲੇ ਦਿਨ (ਯਾਨੀ ਐਤਵਾਰ) ਪ੍ਰਭੂ ਭੋਜ ਲੈਂਦੇ ਹੋ,

ਜਿਵੇਂ ਰਸੂਲਾਂ ਦੇ ਕੰਮ 20:7 ਵਿਚ ਦੱਸਿਆ ਗਿਆ ਹੈ?

- ਕੀ ਤੁਸੀਂ ਨਵੇਂ ਨੇਮ ਦੀ ਉਦਾਹਰਣ ਮੁਤਾਬਕ ਸਾਜ਼ਾਂ ਦੇ ਬਗੈਰ ਗਾਉਂਦੇ ਹੋ?
- ਕੀ ਤੁਸੀਂ ਯਿਸੂ ਦੇ ਨਾਮ ਨਾਲ ਦੁਆ ਕਰਦੇ ਹੋ?
- ਕੀ ਤੁਸੀਂ ਬਾਈਬਲ ਦਾ ਅਧਿਐਨ ਆਪਣੇ ਇੱਕੋ ਇਕ ਅਕੀਦੇ ਅਤੇ ਗਾਈਡ ਦੇ ਰੂਪ ਵਿਚ ਕਰਦੇ ਹੋ?
- ਕੀ ਤੁਸੀਂ ਆਪਣੀ ਆਮਦਨੀ ਮੁਤਾਬਕ ਹਰ ਐਤਵਾਰ ਚੰਦਾ ਦਿੰਦੇ ਹੋ (1 ਕੁਰਿੰਥੀਆਂ 16:1, 2)?
- ਕਲੀਸੀਆ ਦੇ ਤੌਰ ਤੇ ਤੁਸੀਂ ਕਿਵੇਂ ਸੰਗਠਿਤ ਹੋ? ਕੀ ਤੁਹਾਡੇ ਸੰਗਠਨ ਵਿਚ ਪ੍ਰਚਾਰਕ, ਸਿਖਾਉਣ ਵਾਲੇ, ਐਲਡਰ ਅਤੇ ਡੀਕਨ ਹੁੰਦੇ ਹਨ?[1]
- ਕੀ ਤੁਹਾਡਾ ਕੋਈ ਦੁਨਿਆਵੀ ਹੈੱਡਕੁਆਟਰ ਹੈ ਜਾਂ ਸਿਰਫ਼ ਮਸੀਹ ਨੂੰ ਹੀ ਆਪਣੇ ਸਿਰ (ਮੁਖੀ) ਦੇ ਰੂਪ ਵਿਚ ਵੇਖਦੇ ਹੋ?[2]
- ਇਸ ਸੰਸਾਰ ਵਿਚ ਤੁਹਾਡਾ ਮਿਸ਼ਨ ਕੀ ਹੈ ਭਾਵ ਕੀ ਤੁਸੀਂ ਪ੍ਰਭੂ ਦੇ ਹੁਕਮ ਅਰਥਾਤ ਗ੍ਰੇਟ ਕਮਿਸ਼ਨ ਨੂੰ ਪੂਰਾ ਕਰਨ ਦੀ ਚਾਹ ਰੱਖਦੇ ਹੋ? (ਮੱਤੀ 28:19, 20)।

ਇਹ ਸਵਾਲ ਪੁੱਛ ਕੇ ਤੁਸੀਂ ਸਮਝਦਾਰੀ ਕਰੋਗੇ, ਕਿਉਂਕਿ ਤੁਸੀਂ ਇਹ ਜਾਣਨਾ ਚਾਹ ਰਹੇ ਹੋ ਕਿ ਉਹ ਕੌਣ ਹਨ। ਤੁਸੀਂ ਪ੍ਰਭੂ ਦੀ ਕਲੀਸੀਆ ਦੇ ਲੋਕ ਬਣਨਾ ਚਾਹੁੰਦੇ ਹੋ ਨਾ ਕਿ ਕਿਸੇ ਡਿਨੋਮਿਨੇਸ਼ਨ ਦੇ। (ਅੰਤਿਕਾ 2 ਵਿਚ ''ਨਵੀਂ ਮੰਡਲੀ ਨੂੰ ਬਾਈਬਲ ਮੁਤਾਬਕ ਕਿਵੇਂ ਸੰਗਠਿਤ ਕੀਤਾ ਜਾਵੇ'' ਵਾਲਾ ਚਾਰਟ ਵੇਖੋ।)


ਜੇ ਤੁਹਾਨੂੰ ਆਪਣੇ ਇਲਾਕੇ ਵਿਚ ਮਸੀਹ ਦੀ ਕਲੀਸੀਆ ਨਹੀਂ ਮਿਲਦੀ ਤਾਂ ਤੁਹਾਨੂੰ ਆਪ ਉੱਥੇ ਸ਼ੁਰੂ ਕਰ ਲੈਣੀ ਚਾਹੀਦੀ ਹੈ। ਤੁਸੀਂ ਇਹਨੂੰ ਸ਼ੁਰੂ ਕਰ ਸਕਦੇ ਹੋ। ਕਿਸੇ ਗੰਭੀਰ ਆਦਮੀ ਨੂੰ ਲੱਭੋ ਜਿਹਦੀ ਦਿਲਚਸਪੀ ਸੱਚੇ ਪ੍ਰਮੇਸ਼ਵਰ ਦੀ ਸੇਵਾ ਕਰਨ ਵਿਚ ਹੋਵੇ। ਉਹਨੂੰ ਕਹੋ ਕਿ ਬਾਈਬਲ ਅਧਿਐਨ ਕਰਨ ਦੇ ਨਾਲ ਨਾਲ ਇਸ ਕਿਤਾਬ ਨੂੰ ਵੀ ਪੜ੍ਹੇ। ਫਿਰ ਤੁਸੀਂ ਉਹਨੂੰ ਪੁੱਛੋ ਕਿ ਉਹ ਤੁਹਾਡੇ ਨਾਲ ਮਸੀਹੀ ਬਣਨ ਅਤੇ ਆਪਣੇ ਸਮਾਜ ਵਿਚ ਪ੍ਰਭੂ ਦੀ ਕਲੀਸੀਆ ਬਣਨਾ ਚਾਹੁੰਦਾ ਹੈ। ਜੇ ਉਹ ਮਸੀਹ ਦਾ ਚੇਲਾ ਬਣਨ ਦਾ ਚਾਹਵਾਨ ਹੋਵੇ ਤਾਂ ਤੁਸੀਂ ਇਕ ਦੂਜੇ ਨੂੰ ਬਪਤਿਸਮਾ ਦੇ ਸਕਦੇ ਹੋ। ਤੁਸੀਂ ਨੇੜੇ ਦੇ ਕਿਸੇ ਦਰਿਆ, ਝੀਲ, ਤਾਂ ਤਲਾਅ (ਜਿੱਥੇ ਡੁਬਕੀ ਦੇਣ ਜੋਗਾ ਪਾਣੀ ਹੋਵੇ) ਜਾ ਸਕਦੇ ਹੋ।

ਉਹਨੂੰ ਬਪਤਿਸਮਾ ਦਿੰਦਿਆਂ ਇਹ ਧਿਆਨ ਰੱਖਣਾ ਕਿ ਤੁਸੀਂ ਬਾਈਬਲ ਦੀਆਂ ਤਿੰਨ ਗੱਲਾਂ ਪੂਰੀਆਂ ਕੀਤੀਆਂ ਹਨ। ਪਹਿਲੀ, ਉਹਨੂੰ ਇਹ ਸਵਾਲ ਪੁੱਛੋ: ''ਕੀ ਤੂੰ ਵਿਸ਼ਵਾਸ ਕਰਦਾ ਹੈਂ ਕਿ ਯਿਸੂ ਮਸੀਹ ਪ੍ਰਮੇਸ਼ਵਰ ਦਾ ਪੁੱਤਰ ਹੈ?'' ਰੋਮੀਆਂ 10:10 ਵਿਚ ਸਾਨੂੰ ਇਹ ਹੁਕਮ ਮਿਲਦਾ ਹੈ। ਉਹਦੇ ਲਈ ਇਸ ਗੱਲ ਦੀ ਤਸਦੀਕ ਕਰਨੀ ਜ਼ਰੂਰੀ ਹੈ ਕਿ ਉਹ ਪ੍ਰਮੇਸ਼ਵਰ ਦਾ ਪੁੱਤਰ ਮੰਨਦੇ ਹੋਏ ਯਿਸੂ 'ਚ ਵਿਸ਼ਵਾਸ ਕਰਦਾ ਹੈ।


ਦੂਜੀ, ਇਹ ਵੇਖਣਾ ਜ਼ਰੂਰੀ ਹੈ ਕਿ ਤੁਸੀਂ ਉਹਨੂੰ ਮਸੀਹ ਦੀ ਦੇਹ ਅਰਥਾਤ ਕਲੀਸੀਆ ਵਿਚ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਦੇ ਰਹੇ ਹੋ। ਇਸ ਲਈ, ਬਪਤਿਸਮਾ ਦੇਣ ਤੋਂ ਪਹਿਲਾਂ, ਉਹਨੂੰ ਵਿਸਤਾਰ ਨਾਲ ਸਮਝਾਓ ਕਿ ਕੀ ਹੋ ਰਿਹਾ ਹੈ, ਜਿਸ ਨਾਲ ਉੱਥੇ ਮੌਜੂਦ ਲੋਕ ਵੀ ਸੁਣ ਸਕਣ ਅਤੇ ਉਨ੍ਹਾਂ ਨੂੰ ਵੀ ਲਾਭ ਹੋਵੇ। ਇਕ ਉਦਾਹਰਣ ਹੈ ਜਿਹੜੀ ਤੁਸੀਂ ਦੇ ਸਕਦੇ ਹੋ (ਮੱਤੀ 28:19, 20; ਰੋਮੀਆਂ 6:3; ਰਸੂਲਾਂ ਦੇ ਕੰਮ 2:38 ਅਤੇ ਮਰਕੁਸ 16:16 ਦੇ ਅਧਾਰ ਤੇ):

ਮੈਂ ਤੈਨੂੰ ਮਸੀਹ ਦਾ ਹੁਕਮ ਮੰਨਣ ਲਈ, ਯਿਸੂ ਮਸੀਹ ਦੇ ਲਹੂ ਰਾਹੀਂ ਤੇਰੇ ਪਾਪਾਂ ਦੀ ਮਾਫ਼ੀ ਲਈ ਮਸੀਹ ਦੀ ਰੂਹਾਨੀ ਦੇਹ ਵਿਚ, ਜੋ ਕਿ ਨਵੇਂ ਨੇਮ ਦੀ ਕਲੀਸੀਆ ਹੈ, ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿੰਦਾ ਹਾਂ।

ਤੀਸਰੀ, ਉਹਨੂੰ ਬਪਤਿਸਮਾ ਦਿੰਦਿਆਂ, ਇਹ ਧਿਆਨ ਰੱਖੋ ਕਿ ਪਾਣੀ ਵਿਚ ਪੂਰਾ ਡੁੱਬ ਜਾਵੇ। ਯਾਦ ਰੱਖੋ ਕਿ ਨਵੇਂ ਨੇਮ ਵਿਚ ਬਪਤਿਸਮੇ ਦਾ ਮਤਲਬ ਪਾਣੀ ਵਿਚ ਦਫ਼ਨ ਹੋਣਾ ਹੈ (ਰੋਮੀਆਂ 6:4)। ਹੇਠਾਂ ਕੁਝ ਤਸਵੀਰਾਂ ਵਿਖਾਈਆਂ ਗਈਆਂ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਬਪਤਿਸਮਾ ਕਿਵੇਂ ਹੋ ਸਕਦਾ ਹੈ:



ਬਪਤਿਸਮਾ ਲੈਣ ਵਾਲਾ/ਵਾਲੀ ਡੂੰਘੇ ਪਾਣੀ ਵਿਚ ਬੈਠ ਜਾਵੇ ਅਤੇ ਪਿੱਛੇ ਨੂੰ ਇਸ ਤਰ੍ਹਾਂ ਝੁਕੇ ਕਿ ਉਹ ਪਾਣੀ ਵਿਚ ਪੂਰੀ ਤਰ੍ਹਾਂ ਡੁੱਬ ਜਾਵੇ।



ਬਪਤਿਸਮਾ ਦੇਣ ਦੀ ਟੈਂਕੀ ਜਾਂ ਜਿੱਥੇ ਪਾਣੀ ਹੋਵੇ, ਵਿਚ ਬਪਤਿਸਮਾ ਲੈਣ ਵਾਲਾ/ਵਾਲੀ ਇਸ ਤਰ੍ਹਾਂ ਪਿੱਛੇ ਨੂੰ ਝੁਕੇ ਕਿ ਉਹ ਪਾਣੀ ਵਿਚ ਪੂਰੀ ਤਰ੍ਹਾ ਡੁੱਬ ਜਾਵੇ।

ਉਹਨੂੰ ਬਪਤਿਸਮਾ ਦੇਣ ਤੋਂ ਬਾਅਦ, ਤੁਸੀਂ ਵੀ ਓਸੇ ਤਰ੍ਹਾਂ ਉਹਦੇ ਕੋਲੋਂ ਬਪਤਿਸਮਾ ਲਓ। ਉਹ ਵੀ ਤੁਹਾਥੋਂ ਉਹੀ ਸਵਾਲ ਪੁੱਛੇ ਅਤੇ ਸਾਫ਼ ਸਾਫ਼ ਸਮਝਾਏ ਕਿ ਤੁਹਾਨੂੰ ਬਪਤਿਸਮਾ ਕਿਉਂ ਦੇ ਰਿਹਾ ਹੈ, ਬਿਲਕੁਲ ਉਵੇਂ ਜਿਵੇਂ ਉਹਨੂੰ ਬਪਤਿਸਮਾ ਦੇਣ ਲੱਗਿਆਂ ਤੁਸੀਂ ਸਮਝਾਇਆ ਸੀ।

ਬਪਤਿਸਮਾ ਲੈਣ ਦੇ ਬਾਅਦ, ਤੁਸੀਂ ਮਸੀਹੀ, ਅਰਥਾਤ ਪ੍ਰਭੂ ਦੀ ਕਲੀਸੀਆ ਦੇ ਲੋਕ ਬਣ ਗਏ ਹੋ। ਤੁਹਾਡੇ ਇਲਾਕੇ ਵਿਚ ਪਹਿਲਾਂ ਪ੍ਰਭੂ ਦੀ ਕਲੀਸੀਆ ਨਹੀਂ ਸੀ, ਪਰ ਹੁਣ ਹੈ- ਕਿਉਂਕਿ ਤੁਸੀਂ ਮਸੀਹ ਦੀ ਕਲੀਸੀਆ ਬਣ ਗਏ ਹੋ! ਤੁਹਾਡੇ ਮਸੀਹੀ ਬਣਨ ਨਾਲ ਤੁਹਾਡੇ ਇਲਾਕੇ ਵਿਚ ਕਲੀਸੀਆ ਬਣ ਗਈ ਹੈ।

## ਕਦਮ ਦੋ: ਮਸੀਹੀ ਬਣ ਕੇ ਰਹਿਣਾ

ਬੇਸ਼ੱਕ, ਤੁਹਾਡਾ ਦੂਜਾ ਕਦਮ ਲਗਾਤਾਰ ਅਰਥਾਤ ਕਦੇ ਨਾ ਖਤਮ ਹੋਣ ਵਾਲਾ ਕਦਮ ਹੋਣਾ ਚਾਹੀਦਾ ਹੈ, ਜਿਸ ਵਿਚ ਤੁਸੀਂ ਮਸੀਹੀ ਜ਼ਿੰਦਗੀ ਜੀਓਗੇ। ਹੁਣ ਤੁਸੀਂ ਮਸੀਹੀ ਹੋ, ਅਤੇ ਤੁਹਾਨੂੰ ਮਸੀਹੀ ਬਣ ਕੇ ਰਹਿਣਾ ਚਾਹੀਦਾ ਹੈ। (ਅੰਤਿਕਾ 2 ਵਿਚ ''ਜੋ ਐਲਡਰਾਂ ਲਈ ਹੈ, ਉਹ ਹਰ ਮਸੀਹੀ ਲਈ ਜ਼ਰੂਰੀ ਹੈ'' ਚਾਰਟ ਵੇਖੋ।)

ਇਕ ਮਸੀਹੀ ਦੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ? ਇਕ ਮਸੀਹੀ ਦੀ ਜ਼ਿੰਦਗੀ ਨੂੰ ਸੰਖੇਪ ਵਿਚ ਕਹਿਣ ਦਾ ਢੰਗ ਇਹ ਹੈ ਕਿ ਇਹ ਅਜਿਹਾ ਜੀਵਨ ਹੈ ਜਿਹੜਾ ਉਹਦੇ ਨਾਂ ਦੇ ਅਰਥ ਮੁਤਾਬਕ ਹੈ ਅਰਥਾਤ ਮਸੀਹ ਦਾ ਚੇਲਾ ਬਣ ਕੇ। ਉਹ ਇਕ ਮਸੀਹ-**ਹੀ** (CHRIST-ian) ਹੈ, ਜਿਹਦੀ ਜ਼ਿੰਦਗੀ ਮਸੀਹ ਦੀ ਜ਼ਿੰਦਗੀ ਵਰਗੀ ਹੈ (ਫ਼ਿਲਿੱਪੀਆਂ 1:21)। ਮਸੀਹੀ ਦਾ ਜੀਵਨ ਮਸੀਹ ਹੀ ਹੈ।

**ਵਚਨ ਵਿੱਚੋਂ ਖੋਜ ਕਰਨਾ**

ਕੋਈ ਵੀ ਜਿਹੜਾ ਮਸੀਹ ਦੇ ਮਗਰ ਚੱਲਦਾ ਹੈ ਉਸ ਵਿਚ ਪਿਤਾ ਦੀ ਇੱਛਾ ਨੂੰ ਮੰਨਣ ਦਾ ਇਕ ਖ਼ਾਸ ਗੁਣ ਆ ਜਾਂਦਾ ਹੈ। ਯਿਸੂ ਹਰ ਤਰ੍ਹਾਂ ਨਾਲ ਕਾਮਿਲ ਜਾਂ ਸਿੱਧ ਸੀ, ਪਰ ਉਹਦੀ ਜ਼ਿੰਦਗੀ ਦੀ ਇਕ ਖ਼ਾਸੀਅਤ ਜਿਹਦੀ ਮੈਂ ਅਤੇ ਤੁਸੀਂ ਨਕਲ ਕਰ ਸਕਦੇ ਹਾਂ, ਪਿਤਾ ਦੀ ਗੱਲ ਈਮਾਨਦਾਰੀ ਨਾਲ ਮੰਨਣਾ ਹੈ। ਫਿਰ ਤਾਂ ਮਸੀਹੀ ਜੀਵਨ ਦਾ ਅਰਥ ਪਵਿੱਤਰ ਲਿਖਤਾਂ ਵਿੱਚੋਂ ਪ੍ਰਮੇਸ਼ਵਰ ਦੀ ਇੱਛਾ ਦੀ ਭਾਲ ਕਰਨਾ ਅਤੇ ਫਿਰ ਹਲੀਮ ਹੋ ਕੇ, ਭੈ ਨਾਲ ਡਰਦਿਆਂ ਹੋਇਆਂ, ਪ੍ਰੇਮ ਨਾਲ ਉਸ ਇੱਛਾ ਨੂੰ ਪੂਰਾ ਕਰਨਾ ਹੈ। ਇਕ ਮਸੀਹੀ ਵਿਅਕਤੀ ਪ੍ਰਮੇਸ਼ਵਰ ਦੇ ਵਚਨ ਦੇ ਨੇੜੇ ਰਹਿੰਦਾ ਹੈ। ਉਹ ਹਰ ਰੋਜ਼ ਇਹਨੂੰ ਪੜ੍ਹਦਾ ਅਤੇ ਜੋ ਕੁਝ ਇਸ ਤੋਂ ਸਿੱਖਦਾ ਉਹ ਉਹਨੂੰ ਅਮਲ ਵਿਚ ਲਿਆਉਣ ਦੀ ਕੋਸ਼ਿਸ਼ ਕਰਦਾ ਹੈ।

**ਯਿਸੂ ਦੀ ਜੀਵਨ ਸ਼ੈਲੀ ਦੀ ਨਕਲ ਕਰਨ ਦੀ ਕੋਸ਼ਿਸ਼ ਕਰਨਾ**

ਯਿਸੂ ਲਈ ਸਾਡੀ ਜ਼ਿੰਦਗੀ ਦੇ ਗਾਈਡ ਦੇ ਰੂਪ ਵਿਚ ਤਿੰਨ ਹੋਰ ਸਿਧਾਂਤਾਂ ਵਿਚ ''ਸੁਨਹਿਰੀ ਅਸੂਲ'' ਅਰਥਾਤ ਤਰਸ ਅਤੇ ਦੁਆ ਹੋਣੀ ਜ਼ਰੂਰੀ ਹੈ। ਯਿਸੂ ਦੇ ਮਗਰ ਚੱਲਣ ਦਾ ਵਧੀਆ ਢੰਗ ਆਪਣੇ ਆਪ ਤੋਂ ਇਹ ਪੁੱਛਦੇ ਰਹਿਣਾ ਹੈ ਕਿ ''ਮੈਂ ਆਪਣੇ ਲਈ ਦੂਜਿਆਂ ਤੋਂ ਕਿਹੋ ਜਿਹਾ ਵਿਹਾਰ ਪਸੰਦ ਕਰਾਂਗਾ?'' ''ਸੁਨਹਿਰੀ ਅਸੂਲ'' (ਮੱਤੀ 7:12) ਤਦ ਪੂਰਾ ਹੁੰਦਾ ਹੈ ਜਦ ਅਸੀਂ ਇਹ ਫੈਸਲਾ ਲੈ ਲੈਂਦੇ ਹਾਂ ਕਿ ਸਾਨੂੰ ਕਿਹੋ ਜਿਹਾ ਵਿਹਾਰ ਪਸੰਦ ਹੈ ਅਤੇ ਫਿਰ ਓਸੇ ਤਰ੍ਹਾਂ ਦਾ ਵਿਹਾਰ ਦੂਜਿਆਂ ਨਾਲ ਕਰਦੇ ਹੋਏ ਅੱਗੇ ਵਧਦੇ ਹਾਂ। ਇਹ ਨਿਯਮ ਮਸੀਹ ਦੀ ਜ਼ਿੰਦਗੀ ਦਾ ਢੰਗ ਸੀ, ਅਤੇ ਸੰਸਾਰ ਵਿਚ ਜੀਣ ਦਾ ਸਭ ਤੋਂ ਉੱਤਮ ਢੰਗ ਇਹੋ ਹੈ।

ਯਿਸੂ ਤਰਸ ਨਾਲ ਭਰਿਆ ਹੋਇਆ ਸੀ। ''ਦਇਆ'' ਸ਼ਬਦ ਦਾ ਅਰਥ ਦੂਜਿਆਂ ''ਦੇ ਨਾਲ ਮਹਿਸੂਸ ਕਰਨਾ'' ਹੈ। ਯਿਸੂ ਗਰੀਬਾਂ, ਲੋੜਵੰਦਾਂ ਅਤੇ ਨਿਆਸਰਿਆਂ ਨਾਲ ਪਿਆਰ ਕਰਦਾ ਸੀ। ਉਹਦਾ ਦਿਲ ਉਨ੍ਹਾਂ ਤਕ ਪਹੁੰਚਿਆ। ਉਸ ਨੇ ਉਨ੍ਹਾਂ ਦੀ ਸੇਵਾ ਕੀਤੀ। ਇਸੇ ਲਈ ਇਕ ਮਸੀਹੀ ਨੂੰ ਅਜਿਹਾ ਇਨਸਾਨ ਹੋਣਾ ਜ਼ਰੂਰੀ ਹੈ ਜਿਹੜਾ ਦੂਸਰਿਆਂ ਦਾ ਧਿਆਨ ਰੱਖਦਾ ਹੋਵੇ ਅਤੇ ਪ੍ਰੇਮ ਨਾਲ ਉਨ੍ਹਾਂ ਦੀ ਮਦਦ ਕਰਦਾ ਰਹਿੰਦਾ ਹੋਵੇ (ਮੱਤੀ 9:36)।

ਭਾਵੇਂ ਯਿਸੂ ਪ੍ਰਮੇਸ਼ਵਰ ਦਾ ਪੁੱਤਰ ਸੀ, ਪਰ ਉਹ ਆਮ ਤੌਰ ਤੇ ਪਿਤਾ ਅੱਗੇ ਇਕੱਲਿਆਂ, ਲੋਕਾਂ ਵਿਚ ਅਤੇ ਛੋਟੇ ਸਮੂਹਾਂ ਵਿਚ ਦੁਆ ਕਰਦਾ ਸੀ। ਇਕ ਮਸੀਹੀ ਵੀ ਲਗਾਤਾਰ ਪ੍ਰਮੇਸ਼ਵਰ ਅੱਗੇ ਦੁਆ ਕਰਦਾ ਹੈ।

ਹੁਣ ਤੁਸੀਂ ਇਕ ਮਸੀਹੀ ਹੋ, ਇਸ ਲਈ ਪ੍ਰਮੇਸ਼ਵਰ ਤੁਹਾਡਾ ਪਿਤਾ ਹੈ। ਉਹਨੇ ਤੁਹਾਨੂੰ ਆਪਣਾ ਬਣਾ ਲਿਆ ਹੈ। ਵਿਸ਼ਵਾਸੀ ਮਨ ਨਾਲ ਲਗਾਤਾਰ ਉਹਦੇ ਕੋਲ ਦੁਆ ਕਰੋ। ਯਿਸੂ ਦੇ ਨਾਮ ਵਿਚ ਉਹਦੇ ਕੋਲ ਦੁਆ ਕਰਦੇ ਹੋਏ ਆਪਣੀ ਜ਼ਿੰਦਗੀ ਵਿਚ ਉਹਦੀ ਇੱਛਾ ਪੂਰੀ ਹੋਣ ਲਈ ਕਹੋ। ਹੇਠਾਂ ਇਕ ਨਮੂਨਾ ਦਿੱਤਾ ਗਿਆ ਹੈ ਕਿ ਤੁਸੀਂ ਪ੍ਰਮੇਸ਼ਵਰ ਕੋਲੋਂ ਦੁਆ ਕਿਵੇਂ ਕਰ ਸਕਦੇ ਹੋ:

> ਪ੍ਰਮੇਸ਼ਵਰ ਨੂੰ ਮੁਖ਼ਾਤਬ ਹੋਵੋ: ਹੇ ਪ੍ਰੇਮੀ ਪਿਤਾ,
> ਉਹਦੀ ਤਾਰੀਫ਼ ਕਰੋ: ਤੇਰਾ ਨਾਮ ਪਵਿੱਤਰ ਮੰਨਿਆ ਜਾਵੇ।
> ਉਹਦਾ ਧੰਨਵਾਦ ਕਰੋ: ਤੇਰੀਆਂ ਦਿੱਤੀਆਂ ਬਰਕਤਾਂ ਲਈ ਅਸੀਂ ਤੇਰੇ ਸ਼ੁਕਰਗੁਜ਼ਾਰ ਹਾਂ ... । (ਉਨ੍ਹਾਂ ਬਰਕਤਾਂ ਵਿੱਚੋਂ ਕੁਝ ਦਾ ਨਾਂਅ ਲਓ।)
> ਉਹਦੇ ਅੱਗੇ ਤਰਲਾ ਕਰੋ: ਸਾਡੀ ਇਹ ਲੋੜ ਹੈ ਅਸੀਂ ਐਨਾ ਹੀ ਦੱਸ ਸਕਦੇ ਹਾਂ।

ਜੇ ਇਹ ਬੇਨਤੀਆਂ ਤੇਰੀ ਮਰਜ਼ੀ ਦੇ ਮੁਤਾਬਕ ਹਨ ਤਾਂ ਇਨ੍ਹਾਂ ਨੂੰ ਕਬੂਲ ਕਰੀਂ।
ਉਹਦੇ ਅੱਗੇ ਮਿੰਨਤ ਕਰੋ: ਜਿਵੇਂ ਅਸੀਂ ਦੂਸਰਿਆਂ ਨੂੰ ਮਾਫ਼ ਕਰਦੇ ਹਾਂ, ਤੂੰ ਵੀ ਸਾਡੇ ਪਾਪ ਮਾਫ਼ ਕਰ, ਸਾਨੂੰ ਬੁਰਾਈ ਤੋਂ ਬਚਾ।
ਉਹਦੀ ਵਡਿਆਈ ਕਰੋ: ਸਾਰੀ ਮਹਿਮਾ ਤੈਨੂੰ ਮਿਲੇ।
ਦੁਆ ਖ਼ਤਮ ਕਰੋ: ਯਿਸੂ ਮਸੀਹ ਦੇ ਨਾਮ ਵਿਚ ਮੰਗਦੇ ਹਾਂ। ਆਮੀਨ।

ਤੁਸੀਂ ਸਮਝ ਗਏ ਹੋਵੋਗੇ ਕਿ ਇਹ ਨਮੂਨਾ ਪ੍ਰਭੂ ਦੁਆਰਾ ਮੱਤੀ 6:9-13 ਵਿਚ ਦਿੱਤੇ ਆਪਣੇ ਚੇਲਿਆਂ ਨੂੰ ਦੁਆ ਦੇ ਨਮੂਨੇ ਵਿੱਚੋਂ ਲਿਆ ਗਿਆ ਹੈ। ਉਹਦੀ ਦੁਆ ਦੀਆਂ ਕੁਝ ਗੱਲਾਂ ਸਾਡੇ ਤੇ ਲਾਗੂ ਨਹੀਂ ਹੁੰਦੀਆਂ (ਮਿਸਾਲ ਦੇ ਤੌਰ ਤੇ, ਰਾਜ ਦੇ ਆਉਣ ਦੀ ਬੇਨਤੀ ਵਾਲਾ ਹਿੱਸਾ, ਕਿਉਂਕਿ ਉਹਦਾ ਰਾਜ ਪੈਂਟੀਕਾਸਟ ਵਾਲੇ ਦਿਨ ਆ ਗਿਆ ਸੀ), ਪਰ ਇਸ ਵਿੱਚੋਂ ਜ਼ਿਆਦਾਤਰ ਹਿੱਸਾ ਸਾਡੇ ਤੇ ਲਾਗੂ ਹੁੰਦਾ ਹੈ। ਯਾਦ ਰੱਖੋ ਕਿ ਇਹ ਨਮੂਨਾ ਸਿਰਫ਼ ਨਮੂਨਾ ਹੈ ਅਤੇ ਪ੍ਰਮੇਸ਼ਵਰ ਦੇ ਸਾਹਮਣੇ ਵਿਚਾਰਾਂ ਨੂੰ ਪੇਸ਼ ਕਰਨ ਦੇ ਲਈ ਇਕ ਤਰਤੀਬ ਹੈ।

ਇਸ ਸੱਚਾਈ ਨੂੰ ਯਾਦ ਰੱਖੋ ਕਿ ਤੁਸੀਂ ਸਿੱਧ ਨਹੀਂ ਹੋ ਜਾਓਗੇ। ਮਨੁੱਖੀ ਜੀਵ ਕਾਮਿਲ ਜਾਂ ਸਿੱਧ ਨਹੀਂ ਹੋ ਸਕਦੇ, ਪਰ ਅਸੀਂ ਆਪਣੇ ਮਨਾਂ ਨੂੰ ਉਹਦੀ ਇੱਛਾ ਦੇ ਮੁਤਾਬਕ ਚਲਾਉਣ ਲਈ ਪੇਸ਼ ਕਰ ਸਕਦੇ ਹਾਂ। ਅਜਿਹਾ ਨਾ ਕਰ ਪਾਉਣ ਤੇ ਅਸੀਂ ਉੱਠ ਕੇ, ਆਪਣੇ ਆਪ ਨੂੰ ਝਾੜ ਕੇ, ਤੌਬਾ ਕਰਕੇ ਅਤੇ ਪ੍ਰਮੇਸ਼ਵਰ ਕੋਲੋਂ ਮਾਫ਼ੀ ਮੰਗ ਕੇ ਫੇਰ ਤੋਂ ਉਹਦੀ ਇੱਛਾ ਪੂਰੀ ਕਰਨ ਲਈ ਕਮਰ ਕੱਸ ਸਕਦੇ ਹਾਂ। ਖ਼ਾਸ ਗੱਲ ਇਹ ਹੈ ਕਿ ਅਸੀਂ ਉਹਦੀ ਇੱਛਾ ਪੂਰੀ ਕਰਨ ਲਈ ਤਿਆਰ ਹਾਂ। ਅਸੀਂ ਪ੍ਰਮੇਸ਼ਵਰ ਦੀ ਕਿਰਪਾ ਨਾਲ ਬਚਾਏ ਜਾਵਾਂਗੇ-ਸਿੱਧ ਹੋਣ ਕਰਕੇ ਨਹੀਂ ਸਗੋਂ ਵਿਸ਼ਵਾਸ ਨਾਲ (ਅਫ਼ਸੀਆਂ 2:8)। ਵਿਸ਼ਵਾਸੀ ਹੋਣ ਦਾ ਮਤਲਬ ਈਮਾਨਦਾਰੀ ਨਾਲ ਉਹਦੀ ਇੱਛਾ ਪੂਰੀ ਕਰਨ ਦੀ ਚਾਹ ਰੱਖਣਾ ਹੈ।

ਇਸ ਤਰ੍ਹਾਂ ਨਾ ਕਰ ਪਾਉਣ ਤੇ ਜਦ ਕਿ ਦੂਜਿਆਂ ਨੂੰ ਦੁੱਖ ਪਹੁੰਚਾਉਂਦੇ ਹਾਂ, ਤਾਂ ਆਓ ਉਨ੍ਹਾਂ ਕੋਲੋਂ ਮਾਫ਼ੀ ਮੰਗੀਏ ਤੇ ਉਨ੍ਹਾਂ ਨੂੰ ਯਕੀਨ ਦੁਆਈਏ ਕਿ ਅਸੀਂ ਸ਼ਰਮਿੰਦੇ ਹਾਂ ਅਤੇ ਅੱਗੇ ਤੋਂ ਅਸੀਂ ਚੰਗਾ ਕਰਨ ਦੀ ਕੋਸ਼ਿਸ਼ ਕਰਾਂਗੇ (ਯਾਕੂਬ 5:16)। ਜੇ ਅਸੀਂ ਪਾਪ ਕਰਦੇ ਹਾਂ ਅਤੇ ਸਾਡੇ ਪਾਪ ਨਾਲ ਕਲੀਸੀਆ ਨੂੰ ਦੁੱਖ ਪਹੁੰਚਦਾ ਹੈ, ਤਾਂ ਅਸੀਂ ਕਲੀਸੀਆ ਕੋਲ ਆਣ ਕੇ ਮਾਫ਼ੀ ਮੰਗ ਸਕਦੇ ਹਾਂ ਅਤੇ ਬੇਨਤੀ ਕਰ ਸਕਦੇ ਹਾਂ ਕਿ ਮਸੀਹ ਵਿਚ ਸਾਡੇ ਭਾਈ ਅਤੇ ਭੈਣਾਂ ਸਾਡੇ ਲਈ ਦੁਆ ਕਰਨ (ਯਾਕੂਬ 5:16)। ਪ੍ਰਮੇਸ਼ਵਰ ਸਾਨੂੰ ਮਾਫ਼ ਕਰ ਦੇਵੇਗਾ ਅਤੇ ਕਲੀਸੀਆ ਵੀ ਸਾਨੂੰ ਮਾਫ਼ ਕਰ ਦੇਵੇਗੀ।

ਇਕ ਮਸੀਹੀ ਦੇ ਰੂਪ ਵਿਚ ਨਵੇਂ ਜੀਵਨ ਵਿਚ ਪ੍ਰਵੇਸ਼ ਕਰਦਿਆਂ ਤੁਹਾਨੂੰ ਬਾਈਬਲ ਦਾ ਇਕ ਹਿੱਸਾ ਅਰਥਾਤ ਨਵੇਂ ਨੇਮ ਦੇ ਸ਼ੁਰੂ ਵਿੱਚੋਂ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਚੋਂ ਮਸੀਹ ਦੇ ਜੀਵਨ ਬਾਰੇ ਪੜ੍ਹਨਾ ਜ਼ਰੂਰੀ ਹੈ। ਇਨ੍ਹਾਂ ਨੂੰ ਪੜ੍ਹਨ ਅਤੇ ਅਧਿਐਨ ਕਰਨ ਨਾਲ ਤੁਹਾਨੂੰ ਸਮਝ ਆ ਜਾਵੇਗੀ ਕਿ ਯਿਸੂ ਧਰਤੀ ਤੇ ਆ ਕੇ ਕਿਉਂ ਰਿਹਾ। ਜੋ ਕੁਝ ਵੀ ਤੁਹਾਨੂੰ ਉਹਦੇ ਬਾਰੇ ਪਤਾ ਲਗਦਾ ਹੈ ਉਸ ਨਾਲ ਤੁਹਾਨੂੰ ਉਹਦੇ ਹੋਰ ਨੇੜੇ ਆ ਕੇ ਉਹਦੇ ਮਗਰ ਚੱਲਣ ਵਿਚ ਮਦਦ ਮਿਲੇਗੀ।

# ਕਦਮ ਤਿੰਨ: ਪ੍ਰਮੇਸ਼ਵਰ ਦੀ ਬੰਦਗੀ ਕਰਨਾ

ਮਸੀਹੀ ਬਣਨ ਦੀ ਤੁਹਾਡੀ ਇੱਛਾ ਲਈ ਤੀਸਰਾ ਕਦਮ ਪ੍ਰਮੇਸ਼ਵਰ ਦੀ ਬੰਦਗੀ ਲਗਾਤਾਰ ਅਰੰਭ ਕਰਨਾ ਹੈ। ਜੇ ਤੁਹਾਡੇ ਨੇੜੇ ਮਸੀਹ ਦੀ ਕਲੀਸੀਆ ਦੀ ਮੰਡਲੀ ਹੈ, ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਐਤਵਾਰ ਅਤੇ ਹੋਰ ਕਿਸੇ ਵੀ ਵੇਲੇ ਜਦ ਉਹ ਬੰਦਗੀ ਲਈ ਇਕੱਠੇ ਹੁੰਦੇ ਹੋਣ, ਉਨ੍ਹਾਂ ਨਾਲ ਮਿਲੋ। ਹਰ ਐਤਵਾਰ, ਉਹ ਭਜਨ ਗਾਉਣ, ਦੁਆ ਕਰਨ, ਪ੍ਰਮੇਸ਼ਵਰ ਦੇ ਵਚਨ ਦਾ ਅਧਿਐਨ ਕਰਨ, ਪ੍ਰਭੂ ਭੋਜ ਲੈਣ, ਅਤੇ ਜਿਵੇਂ ਪ੍ਰਮੇਸ਼ਵਰ ਨੇ ਉਨ੍ਹਾਂ ਨੂੰ ਬਰਕਤ ਦਿੱਤੀ ਹੈ ਆਪਣੀ ਆਮਦਨੀ ਵਿੱਚੋਂ ਦੇਣ ਲਈ ਇਕੱਠੇ ਹੁੰਦੇ ਹਨ। ਤੁਹਾਨੂੰ ਚਾਹੀਦਾ ਹੈ ਕਿ ਬੰਦਗੀ ਦੇ ਇਨ੍ਹਾਂ ਸਭ ਇਜ਼ਹਾਰਾਂ ਵਿਚ ਉਨ੍ਹਾਂ ਨਾਲ ਭਾਗ ਲਓ। (ਵੇਖੋ ਸਫ਼ਾ 112.)

ਜੇ ਤੁਹਾਡੇ ਇਲਾਕੇ ਵਿਚ ਕਲੀਸੀਆ ਦੀ ਮੰਡਲੀ ਬੰਦਗੀ ਲਈ ਇਕੱਠੀ ਨਹੀਂ ਹੁੰਦੀ ਤਾਂ ਤੁਸੀਂ ਆਪਣੇ ਘਰ ਵਿਚ ਜਾਂ ਕਿਸੇ ਖਾਲੀ ਬਿਲਡਿੰਗ ਵਿਚ ਜਾਂ ਕਿਸੇ ਦਰੱਖ਼ਤ ਹੇਠਾਂ ਵੀ ਖ਼ੁਦਾ ਦੀ ਬੰਦਗੀ ਵਫ਼ਾਦਾਰੀ ਨਾਲ ਸ਼ੁਰੂ ਕਰ ਸਕਦੇ ਹੋ। ਸਮਾਂ ਬੀਤਣ ਤੇ, ਜੇ ਹੋ ਸਕੇ ਤਾਂ ਤੁਹਾਨੂੰ ਬੰਦਗੀ ਲਈ ਇਕ ਕਮਰੇ ਦੀ ਲੋੜ ਪੈ ਸਕਦੀ ਹੈ। ਨਵਾਂ ਨੇਮ ਕਹਿੰਦਾ ਹੈ ਕਿ ਪ੍ਰਭੂ ਯਿਸੂ ਦੇ ਨਾਂਅ ਵਿਚ ਦੋ ਜਾਂ ਤਿੰਨ ਲੋਕ ਇਕੱਠੇ ਹੋ ਕੇ ਬਾਈਬਲ ਅਨੁਸਾਰ ਬੰਦਗੀ ਕਿਤੇ ਵੀ ਕਰ ਸਕਦੇ ਹਨ (ਮੱਤੀ 18:20)।

### ਕਲੀਸੀਆ ਦੇ ਰੂਪ ਵਿਚ ਮਿਲਣਾ

ਨਵੇਂ ਨੇਮ ਵਿਚ ਅਰੰਭਿਕ ਮਸੀਹੀ ਹਫ਼ਤੇ ਦੇ ਪਹਿਲੇ ਦਿਨ ਜਾਂ ਐਤਵਾਰ ਨੂੰ ਮਿਲਦੇ ਸਨ। ਇਸੇ ਦਿਨ ਪ੍ਰਭੂ ਮੁਰਦਿਆਂ ਵਿਚੋਂ ਜੀ ਉੱਠਿਆ ਸੀ। ਪਹਿਲੀ ਸਦੀ ਦੇ ਮਸੀਹੀ ਐਤਵਾਰ ਵਾਲੇ ਦਿਨ ਬੰਦਗੀ ਲਈ ਇਕੱਠੇ ਹੋਣ ਸਮੇਂ ਉਹ ਉਸ ਭੋਜ ਵਿਚ ਭਾਗ ਲੈਂਦੇ ਸਨ ਜਿਹੜਾ ਮਸੀਹ ਨੇ ਆਪਣੀ ਮੌਤ ਅਤੇ ਜੀ ਉੱਠਣ ਦੀ ਯਾਦਗਾਰੀ ਵਿਚ ਸ਼ੁਰੂ ਕੀਤਾ ਸੀ। ਇਹ ਸਾਫ਼ ਹੈ ਕਿ ਉਹ ਹਰ ਹਫ਼ਤੇ ਇਸ ਭੋਜ ਵਿਚ ਹਿੱਸਾ ਲੈਂਦੇ ਸਨ। ''ਪ੍ਰਭੂ ਭੋਜ'' (1 ਕੁਰਿੰਥਿਆ 11:20), ਪ੍ਰਭੂ ਦੇ ਹਰੇਕ ਦਿਨ ਲਿਆ ਜਾਂਦਾ ਸੀ। ਇਬਰਾਨੀਆਂ 10:25; 1 ਕੁਰਿੰਥੀਆਂ 11:22; 16:1, 2; ਅਤੇ ਰਸੂਲਾਂ ਦੇ ਕੰਮ 20:7 ਬੜੇ ਧਿਆਨ ਨਾਲ ਪੜ੍ਹੋ।

### ਪ੍ਰਭੂ ਭੋਜ ਲੈਣਾ

ਮਸੀਹ ਨੇ ਪ੍ਰਭੂ ਭੋਜ ਦੀ ਸਥਾਪਨਾ ਕਰਦਿਆਂ ਦਾਖ ਦਾ ਰਸ ਅਤੇ ਅਖ਼ਮੀਰੀ ਰੋਟੀ, ਦੋ ਚੀਜ਼ਾਂ ਦੀ ਵਰਤੋਂ ਕੀਤੀ ਸੀ। ਸਾਡਾ ਪ੍ਰਭੂ ਆਪਣੇ ਚੇਲਿਆਂ ਨਾਲ ਪਸਾਹ ਖਾ ਰਿਹਾ ਸੀ, ਜਦ ਉਹਨੇ ਉਨ੍ਹਾਂ ਨੂੰ ਇਹ ਭੋਜ ਲੈਣ ਲਈ ਕਿਹਾ ਸੀ। ਪਸਾਹ ਦੇ ਭੋਜ ਵਿਚ ਸਿਰਫ਼ ਰੋਟੀ ਅਤੇ ਦਾਖ ਦੇ ਰਸ ਦਾ ਮਿਸ਼ਰਣ (ਇਕ ਤਰ੍ਹਾਂ ਦੇ ਅੰਗੂਰਾਂ ਦਾ ਰਸ) ਅਤੇ ਪਾਣੀ ਪੀਣ ਲਈ ਹੀ ਹੁੰਦਾ ਸੀ। ਯਿਸੂ ਨੇ ਆਪਣੇ ਚੇਲਿਆਂ ਨੂੰ ਰੋਟੀ ਖਾਣ ਅਤੇ ਉਹਦੀ ਦੇਹ ਨੂੰ ਯਾਦ ਰੱਖਣ ਲਈ ਕਿਹਾ ਜਿਹੜੀ ਉਨ੍ਹਾਂ ਲਈ ਦਿੱਤੀ ਗਈ ਸੀ। ਉਹਨੇ ਉਨ੍ਹਾਂ ਨੂੰ ਪਿਆਲੇ ਵਿੱਚੋਂ, ਜਾਂ ਦਾਖ ਦੇ ਰਸ ਵਿੱਚੋਂ ਕੁਝ ਪੀਣ ਅਤੇ ਉਹਦੇ ਲਹੂ ਨੂੰ ਯਾਦ ਰੱਖਣ ਲਈ ਕਿਹਾ ਜਿਹੜਾ ਉਨ੍ਹਾਂ ਲਈ ਵਹਾਇਆ ਗਿਆ ਸੀ।

ਤੁਹਾਨੂੰ ਚਾਹੀਦਾ ਹੈ ਕਿ ਪ੍ਰਭੂ ਦੀਆਂ ਹਦਾਇਤਾਂ ਅਤੇ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਮਸੀਹੀ ਲੋਕਾਂ ਦੇ ਨਮੂਨੇ ਅਨੁਸਾਰ ਕਰੋ। ਹਰ ਹਫ਼ਤੇ, ਮਸੀਹ ਦਾ ਹੁਕਮ ਮੰਨਣ ਵਾਲਿਆਂ ਵਿੱਚੋਂ ਹਰ ਕੋਈ ਬੰਦਗੀ ਲਈ ਇਕੱਠਾ ਹੋਵੇ। ਤੁਹਾਨੂੰ ਗਾਉਣਾ, ਦੁਆ ਕਰਨੀ ਅਤੇ ਪ੍ਰਮੇਸ਼ਵਰ ਦੇ

ਵਚਨ ਦਾ ਅਧਿਐਨ ਕਰਨਾ ਚਾਹੀਦਾ ਹੈ। ਬੰਦਗੀ ਵਿਚ ਇਸ ਭੋਜ ਨੂੰ ਲਵੋ ਜਿਹੜਾ ਯਿਸੂ ਨੇ ਤੁਹਾਨੂੰ ਦਿੱਤਾ ਹੈ। ਇਕ ਥਾਲੀ ਵਿਚ ਅਖ਼ਮੀਰੀ ਰੋਟੀ ਰੱਖੋ। ਰੋਟੀ ਜਿਹੜੀ ਮਸੀਹ ਦੀ ਦੇਹ ਅਤੇ ਉਸ ਦੇ ਮਹਾਨ ਬਲੀਦਾਨ ਦਾ ਪ੍ਰਤੀਕ ਹੈ, ਲਈ ਪ੍ਰਭੂ ਤੋਂ ਦੁਆ ਕਰੋ ਕਿ ਉਹ ਤੁਹਾਡੀ ਸ਼ੁਕਰਗੁਜ਼ਾਰੀ ਨੂੰ ਕਬੂਲ ਕਰ ਲਵੇ। ਫਿਰ, ਰੋਟੀ ਹਰ ਉਸ ਮਸੀਹੀ ਤਕ ਪਹੁੰਚਾ ਦਿਓ ਜੋ ਇਸ ਵਿੱਚੋਂ ਲੈਣਾ ਅਤੇ ਯਿਸੂ ਦੀ ਦੇਹ ਨੂੰ ਯਾਦ ਕਰਨਾ ਚਾਹੁੰਦਾ/ਚਾਹੁੰਦੀ ਹੋਵੇ।

ਪ੍ਰਭੂ-ਭੋਜ ਦੀ ਰੋਟੀ ਬਣਾਉਣ ਲਈ ਸਧਾਰਣ ਚੀਜ਼ਾਂ ਆਟਾ, ਪਾਣੀ, ਲੂਣ ਅਤੇ ਤੇਲ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਖਮੀਰ ਬਿਲਕੁਲ ਨਹੀਂ ਮਿਲਾਇਆ ਜਾਂਦਾ। ਹੱਥ ਦੀ ਤਲੀ ਜਿੰਨੀਆਂ ਦੋ ਰੋਟੀਆਂ ਬਣਾਉਣ ਲਈ ਨਮੂਨਾ ਹੇਠਾਂ ਦਿੱਤਾ ਗਿਆ ਹੈ।

ਸਮੱਗਰੀ:

| | |
|---|---|
| 1 ਕੱਪ ਕਣਕ ਜਾਂ ਜੌਂ ਦਾ ਆਟਾ | 1 ਛੋਟਾ ਚੱਮਚ ਪਾਣੀ |
| 3 ਛੋਟੇ ਚੱਮਚ ਤੇਲ | ਚੁਟਕੀ ਕੁ ਲੂਣ |

ਬਣਾਉਣ ਦਾ ਤਰੀਕਾ:

ਉੱਪਰ ਦਿੱਤੀ ਸਮੱਗਰੀ ਨੂੰ ਮਿਲਾ ਕੇ ਆਟਾ ਗੁੰਨ੍ਹ ਲਵੋ। ਗੁੰਨ੍ਹੇ ਹੋਏ ਆਟੇ ਨੂੰ ਰੋਟੀ ਬਣਾ ਕੇ ਖਸਤਾ ਹੋਣ ਤਕ ਤਵੇ ਤੇ ਪਕਾ ਲਵੋ। ਗੁੰਨ੍ਹੇ ਆਟੇ ਦੀ ਰੋਟੀ ਵਿਚ ਕੱਟ ਲਾ ਕੇ ਉਸ ਨੂੰ ਦਸ ਕੁ ਮਿੰਟ ਲਈ 350 ਡਿਗਰੀ ਫ਼ਾਰਨਹੀਟ ਜਾਂ 175 ਡਿਗਰੀ ਸੈਲਸੀਅਸ ਦੇ ਤਾਪਮਾਨ ਤੇ ਮਾਈਕ੍ਰੋਵੇਵ ਵਿਚ ਵੀ ਪਕਾਇਆ ਜਾ ਸਕਦਾ ਹੈ।

ਫਿਰ, ਕਟੋਰਾ ਜਾਂ ਪਿਆਲਾ ਜਿਸ ਵਿਚ ਦਾਖ ਦਾ ਰਸ ਹੋਵੇ, ਲਵੋ। ਪਿਆਲੇ ਲਈ ਅਤੇ ਉਸ ਬੇਸ਼ਕੀਮਤੀ ਲਹੂ ਲਈ ਜਿਹੜਾ ਯਿਸੂ ਨੇ ਸਾਡੀ ਮਾਫ਼ੀ ਲਈ ਵਹਾਇਆ, ਸ਼ੁਕਰ ਕਰਦਿਆਂ, ਪ੍ਰਮੇਸ਼ਵਰ ਕੋਲ ਪ੍ਰਾਰਥਨਾ ਕਰੋ। ਪ੍ਰਾਰਥਨਾ ਦੇ ਬਾਅਦ ਗਲਾਸੀਆਂ ਨੂੰ ਮੌਜੂਦ ਮਸੀਹੀ ਲੋਕਾਂ ਵਿਚ ਵਰਤਾ ਦਿਓ ਜਿਸ ਨਾਲ ਹਰ ਕੋਈ ਉਸ ਗਲ਼ਾਸੀ ਵਿੱਚੋਂ ਲੈ ਸਕੇ ਅਤੇ ਯਾਦ ਰੱਖੇ ਕਿ ਯਿਸੂ ਦਾ ਲਹੂ ਸਾਡੇ ਲਈ ਵਹਾਇਆ ਗਿਆ ਸੀ।

ਯਿਸੂ ਨੇ ਭੋਜ ਦਾ ਹੁਕਮ ਦਿੰਦਿਆਂ ''ਦਾਖ ਦਾ ਰਸ'' ਅਰਥਾਤ ਅੰਗੂਰ ਦੇ ਰਸ ਦੀ ਵਰਤੋਂ ਕੀਤੀ ਸੀ। ਅੰਗੂਰ ਦਾ ਰਸ ਆਮ ਤੌਰ ਤੇ ਪੂਰੀ ਦੁਨੀਆਂ ਵਿਚ ਮਿਲ ਜਾਂਦਾ ਹੈ; ਪਰ ਜੇ ਤੁਹਾਡੇ ਇਲਾਕੇ ਵਿਚ ਦਾਖ ਦਾ ਰਸ ਨਹੀਂ ਮਿਲਦਾ, ਤਾਂ ਅੰਗੂਰਾਂ ਨੂੰ ਇਕ ਬਰਤਨ ਵਿਚ ਨਿਚੋੜ ਕੇ ਇਹ ਰਸ ਬਣਾਇਆ ਜਾ ਸਕਦਾ ਹੈ। ਜੇ ਸੰਭਾਲ ਕੇ ਰੱਖਿਆ ਜਾਵੇ ਤਾਂ ਅੰਗੂਰ ਦੇ ਮੌਸਮ ਦੇ ਵਿਚ ਕੱਢਿਆ ਗਿਆ ਅੰਗੂਰਾਂ ਦਾ ਰਸ ਪੂਰਾ ਸਾਲ ਚੱਲ ਸਕਦਾ ਹੈ। ਦਾਖ ਦਾ ਰਸ ਕਿਸ਼ਮਿਸ਼ (ਸੁੱਕੇ ਅੰਗੂਰਾਂ) ਨੂੰ ਪਾਣੀ ਵਿਚ ਉਬਾਲ ਕੇ ਵੀ ਕੱਢਿਆ ਜਾ ਸਕਦਾ ਹੈ। ਕਿਸ਼ਮਿਸ਼ ਨੂੰ ਨਿਚੋੜ ਕੇ, ਬਾਕੀ ਰਸ ਨੂੰ ਭੋਜ ਲਈ ਵਰਤਿਆ ਜਾ ਸਕਦਾ ਹੈ।

**ਰੱਖ ਛੱਡਣਾ ਜਾਂ ਚੰਦਾ ਦੇਣਾ**

ਹਰ ਮਸੀਹੀ ਲਈ ਪ੍ਰਭੂ ਦੇ ਕੰਮ ਲਈ ਕੁਝ ''ਬਚਾ ਕੇ ਰੱਖ ਛੱਡਣਾ'' ਜ਼ਰੂਰੀ ਹੈ, ਜਦ ਕਲੀਸੀਆ ਬੰਦਗੀ ਲਈ ਇਕੱਠੀ ਹੋਵੇ ਤਾਂ ਨਵੇਂ ਨੇਮ ਦੀ ਸਿੱਖਿਆ ਮੁਤਾਬਕ ਹਰ ਮਸੀਹੀ ਨੂੰ

ਆਪਣੀ ਆਮਦਨ ਵਿੱਚੋਂ ਕੁਝ ਚੰਦਾ ਦੇਣ ਦਾ ਮੌਕਾ ਮਿਲਣਾ ਚਾਹੀਦਾ ਹੈ (1 ਕੁਰਿੰਥੀਆਂ 16:1, 2)। ਇਸ ਚੰਦੇ ਨੂੰ ਇਕੱਠਾ ਕਰਨ ਲਈ ਕੋਈ ਬਰਤਨ ਸਭ ਦੇ ਕੋਲ ਲਿਆਂਦਾ ਜਾ ਸਕਦਾ ਹੈ ਜਾਂ ਮਸੀਹੀ ਲੋਕਾਂ ਲਈ ਧਨ ਜਾਂ ਕੀਮਤੀ ਤੋਹਫ਼ੇ ਜਿਹੜੇ ਉਨ੍ਹਾਂ ਨੇ ਪ੍ਰਮੇਸ਼ਵਰ ਲਈ ਰੱਖ ਛੱਡੇ ਹੋਣ, ਥਾਂ ਆਦਿ ਬਣਾਇਆ ਜਾ ਸਕਦਾ ਹੈ। ਯਾਦ ਰੱਖੋ ਕਿ ਇਹ ਬੰਦਗੀ ਵਿਚ ਕੀਤਾ ਜਾਣਾ ਵਾਲਾ ਇਜ਼ਹਾਰ ਹੈ ਜੋ ਭੈ ਅਤੇ ਅਨੰਦ ਨਾਲ ਹੋਣਾ ਚਾਹੀਦਾ ਹੈ। ਦਿੱਤੇ ਜਾਣ ਵਾਲੇ ਦਾਨ ਦੀ ਵਰਤੋਂ ਕਲੀਸੀਆ ਦੇ ਕੰਮ ਲਈ ਕੀਤੀ ਜਾਣੀ ਚਾਹੀਦੀ ਹੈ। ਮਿਸਾਲ ਦੇ ਤੌਰ ਤੇ, ਜਮ੍ਹਾ ਹੋਏ ਦਾਨ ਨੂੰ ਹੋਰਨਾਂ ਤਕ ਇੰਜੀਲ ਪਹੁੰਚਾਉਣ, ਗਰੀਬਾਂ ਦੀ ਮਦਦ ਕਰਨ, ਪੜ੍ਹਨ ਲਈ ਬਾਈਬਲਾਂ ਖਰੀਦਣ ਅਤੇ ਕਿਸੇ ਵੀ ਹੋਰ ਮਕਸਦ ਨੂੰ ਜਿਹੜਾ ਕਲੀਸੀਆ ਦੇ ਕੰਮ ਨਾਲ ਸਬੰਧਿਤ ਹੋਵੇ ਪੂਰਾ ਕਰਨ ਲਈ ਕੀਤਾ ਜਾ ਸਕਦਾ ਹੈ। ਇਕੱਠੇ ਹੋਏ ਦਾਨ ਨੂੰ ਵਰਤਣ ਦਾ ਫ਼ੈਸਲਾ ਕਲੀਸੀਆ ਦਾ ਹੋਣਾ ਚਾਹੀਦਾ ਹੈ ਨਾ ਕਿ ਇੱਕੋ ਬੰਦੇ ਦਾ।

ਹੇਠਾਂ ਇਕ ਉਦਾਹਰਣ ਦਿੱਤੀ ਜਾ ਰਹੀ ਹੈ ਕਿ ਬੰਦਗੀ ਨੂੰ ਕਿਵੇਂ ਤਰਤੀਬਬੱਧ ਕੀਤਾ ਜਾ ਸਕਦਾ ਹੈ:

ਦੁਆ
ਗੀਤ
ਵਚਨ ਵਿੱਚੋਂ ਕਿਸੇ ਅਧਿਆਇ ਤੇ ਵਿਚਾਰ ਜਾਂ ਯੋਗ ਸਿਖਾਉਣ ਵਾਲੇ ਜਾਂ ਪ੍ਰਚਾਰਕ ਹੋਵੇ ਤਾਂ ਸੰਦੇਸ਼
ਗੀਤ
ਪ੍ਰਭੂ ਭੋਜ ਬਾਰੇ ਵਚਨ ਵਿੱਚੋਂ ਪੜ੍ਹਨਾ
ਪ੍ਰਭੂ ਭੋਜ ਲੈਣਾ
ਗੀਤ
ਆਪਣੀ ਆਮਦਨੀ ਮੁਤਾਬਕ ਦੇਣਾ
ਗੀਤ
ਦੁਆ

ਬੰਦਗੀ ਵਿਚ ਤਰਤੀਬ ਚਾਹੇ ਕੋਈ ਵੀ ਹੋਵੇ ਪਰ ਇਨ੍ਹਾਂ ਗੱਲਾਂ ਵਿੱਚੋਂ ਹਰ ਗੱਲ ਸ਼ਾਮਿਲ ਕੀਤੀ ਜਾਣੀ ਜ਼ਰੂਰੀ ਹੈ।

**ਮੰਡਲੀ ਦੀਆਂ ਪ੍ਰਾਰਥਨਾ ਸਭਾਵਾਂ ਕਰਨਾ**

ਸਥਾਨਕ ਮੰਡਲੀ ਨੂੰ ਆਪਣਾ ਕੰਮ ''ਢੱਬ ਸਿਰ ਅਤੇ ਜੁਗਤੀ ਨਾਲ'' ਕਰਨ ਲਈ (1 ਕੁਰਿੰਥੀਆਂ 14:40), ਮੰਡਲੀ ਦੇ ਆਦਮੀਆਂ ਨੂੰ ਸਮੇਂ-ਸਮੇਂ ਤੇ ਇਕੱਠਾ ਹੋਣਾ ਜ਼ਰੂਰੀ ਹੈ। ਇਹ ਉੱਥੇ ਜਿੱਥੇ ਐਲਡਰ ਨਾ ਹੋਣ, ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਇਹ ਸਭਾਵਾਂ ਪ੍ਰਮੇਸ਼ਵਰ ਲਈ ਨਿਯਮ ਬਣਾਉਣ ਵਾਸਤੇ ਨਹੀਂ, ਸਗੋਂ ਇਹ ਯਕੀਨੀ ਬਣਾਉਣ ਲਈ ਹਨ ਕਿ ਸਥਾਨਕ ਦੇਹ ਦੀ ਬੰਦਗੀ ਅਤੇ ਕੰਮ ਮਸੀਹ ਦੇ ਤਰੀਕੇ ਨਾਲ ਹੋ ਰਿਹਾ ਹੈ। ਸਭਾਵਾਂ ਕਰਨ ਨਾਲ ਬੰਦਗੀ ਦਾ ਸਮਾਂ ਬੰਦਗੀ ਵਿਚ ਮਦਦ ਲਈ ਜ਼ਿੰਮੇਵਾਰੀਆਂ ਦੇਣਾ, ਭਲੇ ਕੰਮਾਂ ਲਈ ਯੋਜਨਾ ਬਣਾਉਣਾ ਅਤੇ ਹੋਰ ਰੂਹਾਨੀ ਵਿਸ਼ਿਆਂ ਤੇ ਚਰਚਾ ਕਰਨ ਅਤੇ ਫ਼ੈਸਲੇ ਲੈਣ ਲਈ ਢੁੱਕਵਾਂ ਸਮਾਂ ਅਤੇ ਸਥਾਨ ਮਿਲ ਜਾਂਦਾ ਹੈ। ਇਹ ਜ਼ਰੂਰੀ ਹੈ ਕਿ ਬੰਦਗੀ ਵਿਚ ਭਾਗ ਲੈਣ ਵਾਲੇ ਲੋਕਾਂ ਵਿਚ ਹਰ

ਕਿਸੇ ਦਾ ਸੁਭਾਅ ਮਸੀਹ ਵਰਗਾ ਹੋਵੇ (ਅਫ਼ਸੀਆਂ 4: 1-3)। ਕਿਸੇ ਨੇ ਕਿਹਾ ਹੈ, ''ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ, ਪਰ ਆਪਣੇ ਤਰੀਕੇ ਮੁਤਾਬਕ ਉਮੀਦ ਕਰਨ ਦਾ ਹੱਕ ਨਹੀਂ।'' ਇਹ ਇਕ ਚੰਗਾ ਆਦਰਸ਼ ਹੈ, ਮੰਡਲੀ ਦੇ ਵਿਸ਼ਿਆਂ ਤੇ ਚਰਚਾ ਕਰਦਿਆਂ, ਹਰ ਫ਼ੈਸਲਾ ਲੈਣ ਬਾਰੇ ਇਹ ਸਵਾਲ ਪੁੱਛੇ ਜਾਣੇ ਜ਼ਰੂਰੀ ਹਨ:

- ਕੀ ਇਹ ਬਾਈਬਲ ਦੇ ਮੁਤਾਬਕ ਹੈ?
- ਕੀ ਇਸ ਨਾਲ ਪ੍ਰਮੇਸ਼ਵਰ ਦੀ ਮਹਿਮਾ ਹੋਵੇਗੀ?
- ਕੀ ਇਸ ਨਾਲ ਸੁਧਾਰ ਹੋਵੇਗਾ?
- ਕੀ ਇਹ ਫ਼ਾਇਦੇਮੰਦ ਰਹੇਗਾ?

ਪੁਰਖਾਂ ਦਾ ਇਸ ਗੱਲ ਤੇ ਸਹਿਮਤ ਹੋਣਾ ਜ਼ਰੂਰੀ ਹੈ ਕਿ ਇਹ ਸਭਾਵਾਂ ਕਿੰਨੀ ਵਾਰ ਅਤੇ ਕਦੋਂ ਹੋਣਗੀਆਂ। ਉਨ੍ਹਾਂ ਨੂੰ ਇਕ ਅਜਿਹਾ ਸਮਾਂ ਚੁਣਨਾ ਚਾਹੀਦਾ ਹੈ ਜਦੋਂ ਵੱਧ ਤੋਂ ਵੱਧ ਲੋਕ ਹਾਜ਼ਰ ਹੋ ਸਕਣ। ਸਿਆਣੇ ਮਸੀਹੀ ਭਾਈਆਂ ਵਿੱਚੋਂ ਇਕ ਨੂੰ ਸਭਾਵਾਂ ਦੀ ਰਹਿਨੁਮਾਈ ਲਈ ਚੁਣਿਆ ਜਾਣਾ ਚਾਹੀਦਾ ਹੈ। ਇਹ ਜ਼ਿੰਮੇਵਾਰੀ ਲੈਣ ਵਾਲੇ ਨੂੰ ਬਦਲਦੇ ਰਹਿਣ ਵਿਚ ਸਿਆਣਪ ਹੈ। ਇਹ ਹੱਕ ਮਾਰਨ ਦੀ ਗੱਲ ਨਹੀਂ ਹੈ, ਸਗੋਂ ਅੱਗੇ ਵਧਣ ਦਾ ਵਿਹਾਰਕ ਤਰੀਕਾ ਹੈ। ਇਸ ਵਿਚ ਲਏ ਜਾਣ ਵਾਲੇ ਫ਼ੈਸਲਿਆਂ ਤੋਂ ਲੋਕਾਂ ਦੀ ਸਹਿਮਤੀ ਹੋਣੀ ਚਾਹੀਦੀ ਹੈ। ਇਕ ਬੰਦਾ ਇਨ੍ਹਾਂ ਫ਼ੈਸਲਿਆਂ ਨੂੰ ਲਿਖ ਕੇ ਰੱਖਣ ਲਈ ਹੋਣਾ ਚਾਹੀਦਾ ਹੈ। ਸਭਾ ਦੀ ਤਰਤੀਬ ਇਸ ਤਰ੍ਹਾਂ ਹੋ ਸਕਦੀ ਹੈ:

ਦੁਆ
ਪਿਛਲਾ ਪ੍ਰੋਗਰਾਮ-ਪਿਛਲੀਆਂ ਸਭਾਵਾਂ ਵਿਚ ਛੱਡੀ ਗਈ ਗੱਲ ਬਾਤ; ਚੱਲ ਰਹੇ ਕੰਮਾਂ ਦੀ ਰਿਪੋਰਟ ਅਤੇ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ।
ਨਵਾਂ ਪ੍ਰੋਗਰਾਮ-ਜ਼ਰੂਰਤਾਂ, ਭਵਿੱਖ ਦੀਆਂ ਯੋਜਨਾਵਾਂ, ਨਿਯੁਕਤੀਆਂ, ਅਤੇ ਰੂਹਾਨੀ ਜ਼ਰੂਰਤਾਂ ਤੇ ਵਿਚਾਰ।
ਦੁਆ

**ਹਰ ਰੋਜ਼ ਪ੍ਰਮੇਸ਼ਵਰ ਦੀ ਬੰਦਗੀ ਕਰਨਾ**

ਆਪਣੇ ਮਨ ਵਿਚ ਅਤੇ ਆਪਣੇ ਸੰਸਾਰਕ ਪਰਿਵਾਰ ਨਾਲ ਪ੍ਰਮੇਸ਼ਵਰ ਦੀ ਬੰਦਗੀ ਹਰ ਰੋਜ਼ ਕਰਨਾ ਜ਼ਰੂਰੀ ਹੈ। ਜਿੰਨੀ ਵਾਰ ਵੀ ਖਾਣਾ ਖਾਓ, ਉਸ ਖਾਣੇ ਵਾਸਤੇ ਜਿਹੜਾ ਤੁਹਾਡੇ ਅੱਗੇ ਪਰੋਸਿਆ ਗਿਆ ਹੈ ਪ੍ਰਮੇਸ਼ਵਰ ਦਾ ਧੰਨਵਾਦ ਕਰਦਿਆਂ ਦੁਆ ਕਰੋ। ਆਪਣੀਆਂ ਲੋੜਾਂ ਨੂੰ ਪ੍ਰਮੇਸ਼ਵਰ ਅੱਗੇ ਰੱਖਦੇ ਹੋਏ ਜੋ ਕੁਝ ਉਹਨੇ ਤੁਹਾਡੇ ਲਈ ਕੀਤਾ ਉਹਦੇ ਲਈ ਧੰਨਵਾਦ ਕਰਦਿਆਂ ਆਪਣੇ ਪਰਿਵਾਰ ਨਾਲ ਲਗਾਤਾਰ ਦੁਆ ਕਰੋ।

ਯਕੀਨਨ, ਐਤਵਾਰ ਤੋਂ ਇਲਾਵਾ ਹੋਰਨਾਂ ਦਿਨਾਂ ਵਿਚ ਵੀ ਪ੍ਰਮੇਸ਼ਵਰ ਦੀ ਬੰਦਗੀ ਕਰਨੀ ਜ਼ਰੂਰੀ ਹੈ। ਉਸ ਬੰਦਗੀ ਦੇ ਨਾਲ ਜਿਹੜੀ ਤੁਸੀਂ ਪ੍ਰਭੂ ਭੋਜ ਵਿਚ ਅਤੇ ਚੰਦਾ ਦੇਣ ਵਿਚ ਭਾਗ ਲੈ ਕੇ ਕਰਦੇ ਹੋ, ਇਹ ਵੀ ਜ਼ਰੂਰੀ ਹੈ। ਉਹਦੇ ਇਲਾਵਾ, ਤੁਹਾਨੂੰ ਸਾਥੀ ਮਸੀਹੀਆਂ ਨਾਲ ਹਫ਼ਤੇ ਦੇ ਹੋਰ ਦਿਨਾਂ ਵਿਚ ਵੀ ਬਾਈਬਲ ਅਧਿਐਨ, ਦੁਆ ਅਤੇ ਗਾਉਣ ਲਈ ਇਕੱਠੇ ਹੋਣਾ ਚਾਹੀਦਾ ਹੈ। ਮਸੀਹੀ ਲੋਕਾਂ ਲਈ ਮਿਲਦੇ ਰਹਿਣਾ, ਇਕੱਠੇ ਬੰਦਗੀ ਕਰਨਾ ਅਤੇ ਪ੍ਰਭੂ ਵਿਚ ਇਕ ਦੂਜੇ ਨੂੰ ਦਲੇਰ ਕਰਨਾ ਜ਼ਰੂਰੀ ਹੈ।

ਪ੍ਰਭੂ ਦਾ ਸੇਵਕ ਹੋਣ ਕਰਕੇ ਜ਼ਰੂਰੀ ਹੈ ਕਿ ਤੁਸੀਂ ਉਹਦੇ ਵਚਨ ਨੂੰ ਪੜ੍ਹਨ ਅਤੇ ਅਧਿਐਨ ਦੇ ਰਾਹੀਂ ਹਰ ਰੋਜ਼ ਉਹਨੂੰ ਤੁਹਾਡੇ ਨਾਲ ਗੱਲ ਕਰਨ ਦਿਓ। ਤੁਸੀਂ ਉਹਦੇ ਸਾਹਮਣੇ ਦੁਆ ਰਾਹੀਂ ਵੀ ਹਰ ਰੋਜ਼ ਉਹਦੇ ਨਾਲ ਗੱਲ ਕਰ ਸਕਦੇ ਹੋ।

## ਕਦਮ ਚਾਰ: ਭਲਿਆਈ ਦੇ ਕੰਮ ਕਰਨਾ

ਚੌਥਾ ਕਦਮ ਜੋ ਤੁਹਾਡੇ ਲਈ ਜ਼ਰੂਰੀ ਹੈ ਉਹ ਹੈ ਪ੍ਰਭੂ ਦੀ ਸੇਵਾ ਕਰਨਾ। ਤੁਸੀਂ ਹੁਣ ਮਸੀਹੀ ਅਰਥਾਤ ਮਸੀਹ ਦੇ ਚੇਲੇ ਬਣ ਗਏ ਹੋ, ਸੋ ਤੁਹਾਡਾ ਜੀਵਨ ਉਹੋ ਜਿਹਾ ਹੋਣਾ ਚਾਹੀਦਾ ਹੈ ਜਿਹੋ ਜਿਹਾ ਉਹਦਾ ਸੀ। ਸਾਨੂੰ ਦੱਸਿਆ ਗਿਆ ਹੈ ਕਿ ਉਹ ਸਭਨਾਂ ਨਾਲ ਭਲਿਆਈ ਕਰਦਾ ਫਿਰਿਆ (ਰਸੂਲਾਂ ਦੇ ਕੰਮ 10:38)।

### ਦੂਸਰਿਆਂ ਕੋਲ ਖ਼ੁਸ਼ਖਬਰੀ ਪਹੁੰਚਾਉਣਾ

ਮਸੀਹੀ ਲੋਕਾਂ ਦਾ ਕੰਮ ਇੰਜੀਲ ਦਾ ਪ੍ਰਚਾਰ ਕਰਨਾ ਅਰਥਾਤ ਖ਼ੁਸ਼ਖ਼ਬਰੀ ਫੈਲਾਉਣਾ ਹੈ। ਯਿਸੂ ਨੇ ਸਵਰਗ ਵਿਚ ਵਾਪਸ ਜਾਣ ਤੋਂ ਕੁਝ ਸਮਾਂ ਪਹਿਲਾਂ ਆਪਣੇ ਚੇਲਿਆਂ ਨੂੰ ''ਸਾਰੇ ਜਗਤ ਵਿਚ ਜਾ ਕੇ ਸਰਬੱਤ ਸ੍ਰਿਸ਼ਟ ਦੇ ਸਾਹਮਣੇ ਖ਼ੁਸ਼ਖਬਰੀ ਦਾ ਪ੍ਰਚਾਰ'' ਕਰਨ ਲਈ ਕਿਹਾ ਸੀ (ਮਰਕੁਸ 16:15)। ਮਸੀਹ ਇੰਜੀਲ ਜਾਂ ਖੁਸ਼ਖ਼ਬਰੀ ਬਣਾਉਣ ਲਈ ਹੀ ਮਰਿਆ; ਹੁਣ ਸਾਡੇ ਲਈ ਹਰ ਕਿਸੇ ਕੋਲ ਇਸ ਨੂੰ ਸੁਣਾਉਣ ਲਈ ਕੰਮ ਕਰਨਾ ਜ਼ਰੂਰੀ ਹੈ। ਇਕ ਸੌਖਾ ਤਰੀਕਾ ਜਿਸ ਨਾਲ ਇੰਜੀਲ ਦਾ ਪ੍ਰਚਾਰ ਕੀਤਾ ਜਾ ਸਕਦਾ ਹੈ, ਉਹ ਹੈ ਦੂਸਰਿਆਂ ਨੂੰ ਇਹ ਕਿਤਾਬ ਪੜ੍ਹਨ ਲਈ ਦੇਣਾ। ਉਨ੍ਹਾਂ ਨੂੰ ਮਸੀਹੀ ਬਣਨ ਲਈ ਉਤਸ਼ਾਹਿਤ ਕਰਨਾ। ਆਓ ਹੋਰਨਾਂ ਨੂੰ ਮਸੀਹ ਵਿਚ ਲਿਆਉਣ ਲਈ ਅਸੀਂ ਸਭ ਮਿਲ ਕੇ, ਜੋ ਕੁਝ ਵੀ ਕਰ ਸਕਦੇ ਹਾਂ, ਕਰੀਏ।

### ਦੂਸਰਿਆਂ ਨੂੰ ਸੁਧਾਰਨਾ

ਮਸੀਹੀ ਆਦਮੀ ਦਾ ਇਕ ਹੋਰ ਕੰਮ ਦੂਸਰਿਆਂ ਨੂੰ ਸੁਧਾਰਨਾ ਹੈ। ''ਸੁਧਾਰਨਾ'' ਸ਼ਬਦ ਤੋਂ ਭਾਵ ਬਣਾਉਣਾ ਹੈ। ਜਦ ਤੁਹਾਡੇ ਕੋਲ ਪੰਦਰਾਂ ਜਾਂ ਇਸ ਤੋਂ ਵੱਧ ਲੋਕਾਂ ਦੀ ਮੰਡਲੀ ਬਣ ਜਾਵੇ ਤਾਂ ਮਿਹਰਬਾਨੀ ਕਰਕੇ ਟਰੁੱਥ ਫ਼ਾਰ ਟੁਡੇ ਵਰਲਡ ਮਿਸ਼ਨ ਸਕੂਲ (213 ਸਫ਼ੇ ਤੇ ਦਿੱਤੇ ਪਤੇ ਤੇ) ਨੂੰ ਲਿਖੋ ਅਤੇ ਬਾਈਬਲ ਅਧਿਐਨ ਵਿਚ ਤੁਹਾਡੀ ਹੋਰ ਮਦਦ ਲਈ ਅਸੀਂ ਕੁਝ ਸਮੱਗਰੀ ਭੇਜਾਂਗੇ। ਆਓ ਅਸੀਂ ਮਸੀਹ ਦੇ ਆਪਣੇ ਗਿਆਨ ਅਤੇ ਉਹਦੇ ਰਾਹ ਵਿਚ ਵਧਦੇ ਜਾਈਏ ਅਤੇ ਦੂਸਰਿਆਂ ਨੂੰ ਆਪਣੇ ਨਾਲ ਵਧਣ ਵਿਚ ਦਲੇਰ ਕਰੀਏ।

### ਦੂਸਰਿਆਂ ਦੀ ਮਦਦ ਕਰਨਾ

ਪਰੋਪਕਾਰ ਦੇ ਕੰਮਾਂ ਵਿਚ ਵੀ ਭਾਗ ਲੈਣਾ ਜ਼ਰੂਰੀ ਹੈ। ਆਪਣੇ ਆਪ ਤੋਂ ਪੁੱਛੋ, ''ਮੈਂ ਗਰੀਬਾਂ ਦੀ ਮਦਦ ਲਈ ਕੀ ਕਰ ਸਕਦਾ ਹਾਂ?'' ਲੋੜਵੰਦਾਂ ਦੀ ਮਦਦ ਕੀਤੇ ਬਿਨਾਂ ਤੁਸੀਂ ਮਸੀਹ ਵਰਗੇ ਨਹੀਂ ਬਣ ਸਕਦੇ (ਮੱਤੀ 25:31-46)।

ਹੇਠਾਂ ਮਸੀਹੀ ਲੋਕਾਂ ਦੁਆਰਾ ਕੀਤੇ ਜਾ ਸਕਣ ਵਾਲੇ ਕੁਝ ਕੰਮਾਂ ਦੀ ਸੂਚੀ ਹੈ:

ਹੋਰਨਾਂ ਨੂੰ ਇੰਜੀਲ ਬਾਰੇ ਸਿਖਾਉਣਾ
ਬੀਮਾਰਾਂ ਦੀ ਸੇਵਾ ਕਰਨਾ
ਪ੍ਰਮੇਸ਼ਵਰ ਬਾਰੇ ਜਾਣਨ ਵਿਚ ਬੱਚਿਆਂ ਦੀ ਮਦਦ ਕਰਨਾ

ਭੁੱਖਿਆਂ ਨੂੰ ਖੁਆਉਣਾ
ਵਿਧਵਾਵਾਂ ਅਤੇ ਯਤੀਮਾਂ ਦੀ ਮਦਦ ਕਰਨਾ
ਕੈਦੀਆਂ ਕੋਲ ਜਾਣਾ
ਪ੍ਰਾਹੁਣਚਾਰੀ ਕਰਨਾ
ਮਸੀਹੀ ਸਾਹਿਤ ਵੰਡਣਾ
ਹੋਰਨਾਂ ਨੂੰ ਬੰਦਗੀ ਵਿਚ ਸੱਦਾ ਦੇਣਾ
ਦੂਜਿਆਂ ਲਈ ਦੁਆ ਕਰਨਾ
ਅਨਪੜ੍ਹ ਲੋਕਾਂ ਨੂੰ ਬਾਈਬਲ ਪੜ੍ਹ ਕੇ ਸੁਣਾਉਣਾ

ਯਿਸੂ ਇਸ ਸੰਸਾਰ ਵਿਚ ਸੇਵਾ ਕਰਨ ਲਈ ਆਇਆ। ਉਹ ਸੇਵਾ ਕਰਾਉਣ ਨਹੀਂ ਸਗੋਂ ਦੂਸਰਿਆਂ ਦੀ ਸੇਵਾ ਕਰਨ ਅਤੇ ਬਹੁਤਿਆਂ ਦੇ ਛੁਟਕਾਰੇ ਦਾ ਮੁੱਲ ਭਰਨ ਲਈ ਆਪਣੀ ਜਾਨ ਦੇਣ ਆਇਆ ਸੀ (ਮਰਕੁਸ 10:45)। ਜਿਵੇਂ ਯਿਸੂ ਸਾਡੇ ਲਈ ਮਰਿਆ, ਅਸੀਂ ਉਵੇਂ ਨਹੀਂ ਮਰ ਸਕਦੇ; ਪਰ ਅਸੀਂ ਉਨ੍ਹਾਂ ਲੋਕਾਂ ਨੂੰ ਖੁਸ਼ਖ਼ਬਰੀ ਸੁਣਾ ਕੇ, ਮਸੀਹ ਵਿਚ ਵਧਣ ਵਿਚ ਮਦਦ ਕਰਕੇ ਅਤੇ ਜਦ ਉਨ੍ਹਾਂ ਨੂੰ ਕੋਈ ਤਕਲੀਫ਼ ਹੋਵੇ ਉਨ੍ਹਾਂ ਤੇ ਰਹਿਮ ਵਿਖਾ ਕੇ ਉਨ੍ਹਾਂ ਦੀ ਮਦਦ ਕਰਨ ਲਈ ਜੀ ਜ਼ਰੂਰ ਸਕਦੇ ਹਾਂ।

## ਸਾਰ

ਤੁਸੀਂ ਰਸੂਲਾਂ ਦੇ ਕੰਮ 8 ਅਧਿਆਇ ਵਿਚ ਹਬਸ਼ੀ ਖੋਜੇ ਦੀ ਕਹਾਣੀ ਪੜ੍ਹੀ ਹੈ? ਜੇ ਨਹੀਂ ਤਾਂ ਇਹ ਕਿਤਾਬ ਪੜ੍ਹਨਾ ਬੰਦ ਕਰਕੇ ਪਹਿਲਾਂ ਉਹ ਕਹਾਣੀ ਪੜ੍ਹੋ। ਫ਼ਿੱਲਿਪੁਸ ਨੂੰ ਭੇਜਿਆ ਗਿਆ ਕਿ ਉਹ ਜਾ ਕੇ ਉਹਨੂੰ ਖੁਸ਼ਖ਼ਬਰੀ ਸੁਣਾਏ। ਖੋਜੇ ਨੇ ਖੁਸ਼ਖ਼ਬਰੀ ਨੂੰ ਬੜੀ ਖੁਸ਼ੀ ਨਾਲ ਕਬੂਲ ਕਰ ਲਿਆ ਅਤੇ ਮਸੀਹੀ ਬਣ ਗਿਆ।

ਫ਼ਿੱਲਿਪੁਸ ਨੂੰ ਪ੍ਰਮੇਸ਼ਵਰ ਦੀ ਪ੍ਰੇਰਣਾ ਮਿਲੀ ਹੋਈ ਸੀ। ਇਹ ਕਿਤਾਬ ਜਿਹੜੀ ਤੁਸੀਂ ਪੜ੍ਹ ਰਹੇ ਹੋ ਪ੍ਰਮੇਸ਼ਵਰ ਦੀ ਪ੍ਰੇਰਣਾ ਜਾਂ ਇਲਹਾਮ ਨਾਲ ਨਹੀਂ ਲਿਖੀ ਗਈ (ਆਖ਼ਰੀ ਭਾਗ, ਅਰਥਾਤ ਨਵੇਂ ਨੇਮ ਨੂੰ ਛੱਡ ਕੇ) ਪਰ ਇਨ੍ਹਾਂ ਸਫ਼ਿਆਂ ਵਿਚ ਤੁਸੀਂ ਪੜ੍ਹਿਆ ਹੈ ਕਿ ਉਹ ਮੁਕਤੀ ਜਿਹਨੂੰ ਮਸੀਹ ਲੈ ਕੇ ਆਇਆ ਅਤੇ ਕਲੀਸੀਆ ਜਿਹੜੀ ਉਹਨੇ ਕਾਇਮ ਕੀਤੀ ਦੇ ਬਾਰੇ ਨਵਾਂ ਨੇਮ ਕੀ ਦੱਸਦਾ ਹੈ। ਇਸ ਤਰ੍ਹਾਂ ਇਨ੍ਹਾਂ ਸਫ਼ਿਆਂ ਨੇ ਤੁਹਾਡਾ ਧਿਆਨ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਲਿਖੀ ਕਿਤਾਬ ਅਰਥਾਤ ਬਾਈਬਲ ਵੱਲ ਹੀ ਦੁਆਇਆ ਹੈ। ਜੋ ਕੁਝ ਤੁਸੀਂ ਇੱਥੇ ਪੜ੍ਹਿਆ ਹੈ ਉਹਨੂੰ ਬਾਈਬਲ ਨਾਲ ਮਿਲਾਉਣ ਤੇ ਤੁਸੀਂ ਪਾਓਗੇ ਕਿ ਅਸੀਂ ਤੁਹਾਨੂੰ ਉਹੀ ਸਿਖਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਨਵਾਂ ਨੇਮ ਸਿਖਾਉਂਦਾ ਹੈ। ਪ੍ਰਮੇਸ਼ਵਰ ਨੇ ਉਸ ਖੋਜੇ ਨੂੰ ਮੁਕਤੀ ਪਾਉਣ ਦਾ ਇਕ ਮੌਕਾ ਦਿੱਤਾ ਹੈ। ਇਹ ਇਕ ਬਹੁਤ ਲੰਮਾ ਅਤੇ ਬਹੁਤ ਖਿੱਚਿਆ ਹੋਇਆ ਅਧਿਐਨ ਨਹੀਂ ਸੀ ਸਗੋਂ ਮਸੀਹੀ ਬਣਨ ਅਤੇ ਮਸੀਹੀ ਜੀਵਨ ਜੀਣਾ ਸਿੱਖਣ ਵਾਸਤੇ ਕਾਫ਼ੀ ਸੀ। ਅਸੀਂ ਤੁਹਾਨੂੰ ਉਹੀ ਸਿੱਖਿਆ ਦੇਣ ਦੀ ਕੋਸ਼ਿਸ਼ ਕੀਤੀ ਹੈ। ਹੁਣ ਤੁਹਾਡੇ ਕੋਲ ਮੌਕਾ ਹੈ ਕਿ ਤੁਸੀਂ ਇਸ ਦਾ ਪੂਰਾ-ਪੂਰਾ ਫਾਇਦਾ ਉਠਾਓ। ਅਸੀਂ ਤੁਹਾਨੂੰ ਸੱਚੇ ਮਨੋਂ ਖ਼ੁਦਾ-ਹਾਫ਼ਿਜ਼ ਆਖਦੇ ਹਾਂ। ਇੰਜੀਲ ਦੀ ਗੱਲ ਮੰਨਣ ਤੇ ਸਾਡੀ ਦੁਆ ਹੈ ਕਿ ਪ੍ਰਮੇਸ਼ਵਰ ਦੀਆਂ ਭਰਪੂਰ ਬਰਕਤਾਂ ਤੁਹਾਨੂੰ ਮਿਲਣ ਜਿਹੜੀਆਂ ਉਹਨੇ ਆਪਣੇ ਪੁੱਤਰ ਦੇ ਰਾਹੀਂ ਦਿੱਤੀਆਂ ਹਨ। ਇਸ ਜੀਵਨ ਵਿਚ ਨਹੀਂ ਤਾਂ ਸਵਰਗ ਵਿਚ ਤੁਹਾਨੂੰ ਮਿਲਣ ਦੀ ਉਡੀਕ ਅਸੀਂ ਜ਼ਰੂਰੀ ਕਰਾਂਗੇ।

## ਅਧਿਐਨ ਲਈ ਸਵਾਲ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ''ਤੁਸੀਂ ਯਿਸੂ ਨੂੰ ਕੀ ਕਰੋਗੇ?'' ਸਵਾਲ ਦਾ ਅਨੰਤਕਾਲਿਕ ਅਸਰ ਕਿਉਂ ਹੈ?
2. ਭਲਾ ਨਵਜੰਮੇਂ ਅਤੇ ਛੋਟੇ ਬੱਚਿਆਂ ਨੂੰ ਬਪਤਿਸਮਾ ਲੈਣ ਦੀ ਲੋੜ ਹੈ? ਜੇ ਹੈ ਤਾਂ ਕਿਉਂ, ਜੇ ਨਹੀਂ ਹੈ ਤਾਂ ਕਿਉਂ ਨਹੀਂ?
3. ਬਪਤਿਸਮਾ ਕਾਹਦੇ ਵਾਸਤੇ ਲਿਆ ਜਾਂਦਾ ਹੈ?
4. ਉਹ ਕਿਹੜੇ ਕੁਝ ਸਵਾਲ ਹਨ ਜਿਹੜੇ ਮਸੀਹ ਦੀ ਕਲੀਸੀਆ ਨੂੰ ਲੱਭਣ ਵਿਚ ਤੁਹਾਡੀ ਮਦਦ ਕਰਨਗੇ?
5. ਕਿਹੜੀ ਆਇਤ ਹੈ ਜਿਹੜੀ ਸਿਖਾਉਂਦੀ ਹੈ ਕਿ ਬਪਤਿਸਮਾ ਪਾਣੀ ਵਿਚ ਦਫ਼ਨਾਏ ਜਾਣਾ ਹੈ?
6. ਇਕ ਮਸੀਹੀ ਦੀ ਜ਼ਿੰਦਗੀ ਨੂੰ ਸੰਖੇਪ ਵਿਚ ਦੱਸਣ ਦਾ ਵਧੀਆ ਢੰਗ ਕੀ ਹੈ?
7. ਇਕ ਮਸੀਹੀ ਪ੍ਰਮੇਸ਼ਵਰ ਦੇ ਵਚਨ ਦੇ ਨੇੜੇ ਕਿਉਂ ਰਹੇਗਾ?
8. ਹਰ ਐਤਵਾਰ ਕਲੀਸੀਆ ਪ੍ਰਮੇਸ਼ਵਰ ਦੀ ਬੰਦਗੀ ਲਈ ਇਕੱਠੀ ਹੋਵੇਗੀ। ਬੰਦਗੀ ਵਿਚ ਕਿਹੜੀਆਂ ਕਿਹੜੀਆਂ ਗੱਲਾਂ ਹੋਣੀਆਂ ਜ਼ਰੂਰੀ ਹਨ?
9. ਯਿਸੂ ਨੇ ਪ੍ਰਭੂ ਭੋਜ ਸ਼ੁਰੂ ਕਰਨ ਲੱਗਿਆਂ ਉਸ ਵਿਚ ਕਿਹਨਾਂ ਦੋ ਚੀਜ਼ਾਂ ਦੀ ਵਰਤੋਂ ਕੀਤੀ?
10. ਮਸੀਹੀ ਬਣਨ ਅਤੇ ਮਸੀਹੀ ਬਣ ਕੇ ਜੀਣ ਲਈ ਕਿਹੜੇ ਚਾਰ ਕਦਮ ਪੁੱਟਣੇ ਜ਼ਰੂਰੀ ਹਨ?

## ਸ਼ਬਦਾਂ ਦੇ ਅਰਥ

**ਵਚਨ, ਜਾਂ ਪਵਿੱਤਰ ਲਿਖਤ**-ਬਾਈਬਲ ਦਾ ਪੁਰਾਣਾ ਅਤੇ ਨਵਾਂ ਦੋਵੇਂ ਨੇਮ। ਪੁਰਾਣਾ ਨੇਮ ਯਹੂਦੀਆਂ ਲਈ ਪ੍ਰਮੇਸ਼ਵਰ ਦੀ ਸ਼ਰ੍ਹਾ ਸੀ ਅਤੇ ਉਸ ਨਾਲ ਨਵੇਂ ਨੇਮ ਲਈ ਰਾਹ ਤਿਆਰ ਹੋਇਆ (ਗਲਾਤੀਆਂ 3:24) ਜੋ ਅੱਜ ਸਭ ਲੋਕਾਂ ਲਈ ਹੈ। ਇਸ ਵਿਚ ਸੰਸਾਰ ਦੀ ਪ੍ਰਮੇਸ਼ਵਰ ਵੱਲੋਂ ਰਚਨਾ ਦਾ ਸੰਖੇਪ, ਉਹਦੇ ਚੁਣੇ ਹੋਏ ਲੋਕਾਂ ਅਰਥਾਤ ਇਸਰਾਏਲ ਨੂੰ ਸ਼ਰ੍ਹਾ ਦਿੱਤੇ ਜਾਣਾ, ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਦਿੱਤੀ ਗਈ ਕਾਵਿ ਰਚਨਾ, ਅਤੇ ਪ੍ਰਮੇਸ਼ਵਰ ਦੇ ਨਬੀਆਂ ਰਾਹੀਂ ਦਿੱਤੀਆਂ ਉਹਦੀਆਂ ਸਿੱਖਿਆਵਾਂ ਸ਼ਾਮਲ ਹਨ।

---

ਟਿੱਪਣੀਆਂ

[1]ਨਵੇਂ ਨੇਮ ਦੀਆਂ ਕਲੀਸੀਆਵਾਂ ਦਾ ਸੰਗਠਨ ਬੜਾ ਹੀ ਸਾਦਾ ਅਤੇ ਬੁਨਿਆਦੀ ਸੀ। ਪਹਿਲਾਂ ਤਾਂ, ਸੇਵਕ ਅਤੇ ਸਿੱਖਿਅਕ ਹੁੰਦੇ ਸਨ ਜਿਹੜੇ ਵਚਨ ਦਾ ਪ੍ਰਚਾਰ ਕਰਦੇ ਅਤੇ ਇਸ ਦੀ ਸਿੱਖਿਆ ਦਿੰਦੇ ਸਨ। ਦੂਸਰਾ, ਹਰ ਮੰਡਲੀ ਵਿਚ ਜਿਹੜੀ ਸਿਆਣੀ ਹੋ ਚੁੱਕੀ ਹੁੰਦੀ ਸੀ ਐਲਡਰਾਂ ਦੀ ਬਹੁਗਿਣਤੀ ਹੁੰਦੀ ਸੀ (ਜਿਨ੍ਹਾਂ ਨੂੰ ਕਈ ਵਾਰ ''ਨਿਗਾਹਬਾਨ,'' ''ਚਰਵਾਹੇ,'' ''ਪਾਸਬਾਨ'' ਕਿਹਾ ਜਾਂਦਾ ਸੀ) ਮੰਡਲੀ ਦੀ ਰਹਿਨੁਮਾਈ ਅਤੇ ਨਿਗਰਾਨੀ ਕਰਦੇ ਸਨ। ਫਿਰ, ਹਰ ਮੰਡਲੀ ਵਿਚ ਡੀਕਨ ਹੁੰਦੇ ਸਨ ਜਿਹੜੇ ਐਲਡਰਾਂ ਦੀ ਨਿਗਰਾਨੀ ਵਿਚ ਕਲੀਸੀਆ ਦੀ ਸੇਵਾ ਕਰਦੇ ਸਨ। [2]ਨਵਾਂ ਨੇਮ ਕਲੀਸੀਆ ਦਾ ਸਿਰ ਸਿਰਫ਼ ਇੱਕੋ ਹੀ ਦੱਸਦਾ ਹੈ: ਮਸੀਹ। ਉਹਦੀ ਕਲੀਸੀਆ ਦਾ ਕੋਈ ਸੰਸਾਰਕ ਹੈੱਡਕੁਆਟਰ ਨਹੀਂ ਹੈ; ਕਲੀਸੀਆ ਦੀ ਹਰ ਮੰਡਲੀ ਸਿਰਫ਼ ਮਸੀਹ ਦੀ ਹੀ ਅਗਵਾਈ ਨੂੰ ਮੰਨਦੀ ਹੈ।